ੴ ਸਤਿਗੁਰ ਪ੍ਰਸਾਦਿ॥

## ਪੰਜਾਬ ਦਾ ਗੌਰਵ

# ਮਹਾਰਾਜਾ ਰਣਜੀਤ ਸਿੰਘ




ਲੇਖਕ

ਡਾ. ਹਰਬੰਸ ਸਿੰਘ

ਸ੍ਰੀ ਗੁਰੂ ਤੇਗ ਬਹਾਦਰ ਖਾਲਸਾ ਕਾਲਜ, ਦਿੱਲੀ-110007.



ਵਲੋਂ

ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ

ਗੁਰੂ ਗੋਬਿੰਦ ਸਿੰਘ ਭਵਨ, ਗੁਰਦੁਆਰਾ ਰਕਾਬ ਗੰਜ, ਨਵੀਂ ਦਿੱਲੀ-110001

# ਪਰਸ਼ੰਸਾ

ਇਹ ਵਰ੍ਹਾ ਮਹਾਰਾਜਾ ਰਣਜੀਤ ਸਿੰਘ ਦੀ ਤਾਜਪੋਸ਼ੀ ਦੀ ਦੋ ਸੌਵੀਂ ਵਰ੍ਹੇ ਗੰਢ ਦੇ ਰੂਪ ਵਿੱਚ ਸਾਰੇ ਪੰਜਾਬ, ਦੇਸ਼ ਦੇ ਹੋਰ ਪ੍ਰਾਂਤਾਂ ਅਤੇ ਲਾਹੌਰ, ਇੰਗਲੈਂਡ, ਕੈਨੇਡਾ, ਅਮਰੀਕਾ ਅਤੇ ਵਿਸ਼ਵ ਦੇ ਹੋਰ ਕਈ ਦੇਸ਼ਾਂ ਵਿੱਚ ਬੜੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ। ਮਹਾਰਾਜਾ ਰਣਜੀਤ ਸਿੰਘ 19 ਵੀਂ ਸਦੀ ਦੀ ਇੱਕ ਅਜ਼ੀਮ ਸ਼ਕਸੀਅਤ ਸੀ ਜਿਸ ਨੇ ਇੱਕ ਸਧਾਰਨ ਮਿਸਲਦਾਰ ਤੋਂ ਉਠ ਕੇ ਪੰਜਾਬ ਵਿੱਚ ਇੱਕ ਵਿਸ਼ਾਲ ਅਤੇ ਸ਼ਕਤੀਸ਼ਾਲੀ ਰਾਜ ਦੀ ਸਥਾਪਨਾ ਕੀਤੀ। ਉਸਨੇ ਨੇ ਨਾ ਸਿਰਫ ਪੰਜਾਬ ਦੀਆਂ ਨਿੱਕੀਆਂ ਨਿੱਕੀਆਂ ਇਕਾਈਆਂ ਨੂੰ ਖਤਮ ਕਰਕੇ ਉਨ੍ਹਾਂ ਨੂੰ ਸੰਗਠਿਤ ਹੀ ਕੀਤਾ ਸਗੋਂ ਪੰਜਾਬ ਵਿੱਚ ਸਦੀਆਂ ਤੋਂ ਚਲੀ ਆ ਰਹੀ ਬਦਅਮਨੀ ਅਤੇ ਅਰਾਜਕਤਾ ਨੂੰ ਖਤਮ ਕਰਕੇ ਅਮਨ ਅਤੇ ਚੈਨ ਦਾ ਅਜਿਹਾ ਯੁੱਗ ਪ੍ਰਦਾਨ ਕੀਤਾ ਜਿਸਨੂੰ 200 ਵਰ੍ਹੇ ਬੀਤ ਜਾਣ ਮਗਰੋਂ ਅਜੇ ਤੱਕ ਵੀ ਲੋਕ ਭੁਲਾ ਨਹੀਂ ਪਾਏ। ਉਹ ਵਿਸ਼ਵ ਦੇ ਉਨ੍ਹਾਂ ਮਹਾਨ ਵਿਅਕਤੀਆਂ ਵਿੱਚੋਂ ਸੀ ਜਿਹੜੇ ਆਪਣੇ ਗੁਣਾਂ, ਯੋਗਤਾ ਅਤੇ ਵਿਸ਼ਾਲ ਦ੍ਰਿਸ਼ਟੀ ਦੇ ਕਾਰਨ ਧਰਤੀ ਦੇ ਚੇਹਰੇ ਨੂੰ ਖੂਬਸੂਰਤ ਅਤੇ ਜੀਊਣ ਜੋਗਾ ਬਣਾ ਦੇਂਦੇ ਹਨ।

ਮਹਾਰਾਜਾ ਰਣਜੀਤ ਸਿੰਘ ਇੱਕ ਮਹਾਨ ਯੋਧਾ, ਨੀਤੀਵਾਨ ਅਤੇ ਲੋਕ ਹਿਤੈਸ਼ੀ ਸ਼ਾਸਕ ਸੀ। ਉਸ ਨੇ ਪੰਜਾਬ ਉਪਰ 40 ਸਾਲ ਤੱਕ ਰਾਜ ਕੀਤਾ (1799-1839) ਤੇ ਇਨ੍ਹਾਂ ਚਾਲੀ ਸਾਲਾਂ ਵਿੱਚ ਨਾ ਕੇਵਲ ਪੰਜਾਬ ਨੂੰ ਏਸ਼ੀਆਂ ਦਾ ਸਭ ਤੋਂ ਸ਼ਕਤੀ ਸਾਲੀ ਰਾਜ ਹੀ ਬਣਾ ਦਿੱਤਾ ਸਗੋ ਚੰਗੇ ਰਾਜ-ਪ੍ਰਬੰਧ, ਨਿਆਂਕਾਰੀ ਅਤੇ ਧਰਮ ਨਿਰਪੇਖ ਨੀਤੀਆਂ ਦੀ ਉਹ ਮਿਸਾਲ ਕਾਇਮ ਕੀਤੀ ਜਿਹੋ ਜਿਹੀ ਦੁਨੀਆਂ ਦੇ ਇਤਿਹਾਸ ਵਿੱਚ ਘੱਟ ਹੀ ਵੇਖਣ ਨੂੰ ਮਿਲਦੀ ਹੈ। ਉਹ ਪੂਰਨ ਗੁਰਸਿੱਖ, ਨਿੱਤਨੇਮੀ ਅਤੇ ਸ਼ਰਧਾਵਾਨ ਵਿਅਕਤੀ ਸੀ ਪਰ ਉਸਨੇ ਆਪਣੇ ਰਾਜ ਵਿੱਚ ਜਾਤ, ਜਨਮ ਜਾਂ ਧਰਮ ਦੇ ਵਿਤਕਰੇ ਨੂੰ ਕਦੇ ਨਹੀਂ ਸੀ ਆਉਣ ਦਿੱਤਾ। ਜਿੱਥੇ ਉਸਨੇ ਗੁਰਦੁਆਰਿਆਂ ਦੀ ਉਸਾਰੀ ਅਥਵਾ ਉਨ੍ਹਾਂ ਦੀ ਸਾਜ-ਸਜਾਵਟ ਅਤੇ ਸੁੰਦਰਤਾ ਲਈ ਦਿਲ ਖੋਲ੍ਹ ਕੇ ਦਾਨ ਦਿੱਤਾ ਉਥੇ ਉਸਨੇ ਹਿੰਦੂ ਮੰਦਰਾਂ ਅਤੇ ਮਸੀਤਾਂ ਲਈ ਵੀ ਆਪਣੇ ਖਜ਼ਾਨੇ ਚੋਂ ਲੱਖਾਂ ਰੁਪਏ ਦਾਨ ਕੀਤੇ। ਉਸ ਦੇ ਕਰਮਚਾਰੀਆਂ ਵਿੱਚ ਸਿੱਖ ਵੀ ਸਨ, ਹਿੰਦੂ ਤੇ ਮੁਸਲਮਾਨ ਵੀ ਅਤੇ ਬਦੇਸ਼ਾਂ ਤੋਂ ਆਏ ਯੂਰਪੀਨ ਵੀ। ਉਸਦਾ ਰਾਜ ਪੂਰਨ ਤੌਰ ਤੇ ਧਰਮ ਨਿਰਪੇਖ ਰਾਜ ਸੀ ਜਿਸ ਵਿੱਚ ਕੋਈ ਵੀ ਗੁਣਵਾਨ ਵਿਅਕਤੀ ਆਪਣੀ ਯੋਗਿਤਾ ਸਦਕਾ ਕਿਸੇ ਵੀ ਉੱਚੀ ਪਦਵੀ ਤੱਕ ਪਹੁੰਚ ਸਕਦਾ ਸੀ।

ਉਸਨੇ ਆਪਣੀ ਸਿਆਣਪ ਨਾਲ 40 ਸਾਲ ਤੱਕ ਅੰਗਰੇਜ਼ਾ ਦੇ ਵੱਧ ਰਹੇ ਹੜ੍ਹ ਨੂੰ ਠਲ੍ਹ ਪਾਈ ਰੱਖੀ ਸੀ। ਅਫ਼ਗਾਨ ਉਸਦੇ ਨਾਮ ਤੋਂ ਥਰ ਥਰ ਕੰਬਦੇ ਸਨ। ਕਸੂਰ, ਮੁਲਤਾਨ, ਕਸ਼ਮੀਰ, ਹਜ਼ਾਰਾ ਅਤੇ ਪਿਸ਼ੋਰ ਆਦਿ ਵਰਗੇ ਅਫ਼ਗਾਨ ਕੇਂਦਰਾਂ ਨੂੰ ਜਿੱਤ ਕੇ ਉਸਨੇ ਉੱਤਰ ਪੱਛਮੀ ਸੀਮਾਵਾਂ ਵੱਲੋਂ ਹੋਣ ਵਾਲੇ ਹਮਲਿਆਂ ਨੂੰ ਪੂਰੀ ਤਰ੍ਹਾਂ ਨਕੇਲ ਪਾ ਦਿੱਤੀ ਸੀ। ਨੌਸ਼ਹਿਰੇ ਦੀ ਲੜਾਈ ਵਿੱਚ ਅਕਾਲੀ ਫੂਲਾ ਸਿੰਘ ਅਤੇ ਜਮਰੌਦ ਦੀ ਲੜਾਈ ਵਿੱਚ ਸ੍ਰ. ਹਰੀ ਸਿੰਘ ਨਲੂਆ ਨੇ ਅਫ਼ਗਾਨਾਂ ਨੂੰ ਅਜਿਹੀ ਮਾਰ ਮਾਰੀ ਸੀ ਕਿ ਉਹ ਹਿਦੁਸਤਾਨ ਵਿੱਚ ਪ੍ਰਵੇਸ਼ ਕਰਨ ਦਾ ਰਾਹ ਹੀ ਭੁੱਲ ਗਏ ਸਨ। ਮਹਾਰਾਜਾ ਰਣਜੀਤ ਸਿੰਘ ਨੇ ਪੰਜਾਬ ਵਿੱਚ ਕੌਮੀਅਤ ਅਤੇ ਰਾਸ਼ਟਰੀਅਤਾ ਦੀ ਅਜਿਹੀ ਭਾਵਨਾ ਪੈਦਾ ਕੀਤੀ ਸੀ ਕਿ ਉਸਦੀ ਚੜ੍ਹਦੀ ਕਲਾ ਵਿੱਚ ਸਾਰੇ ਧਰਮਾਂ ਤੇ ਜਾਤੀਆਂ ਦੇ ਲੋਕ ਸ਼ਾਮਲ ਸਨ ਜਿਨ੍ਹਾਂ ਨੇ ਪੰਜਾਬ ਨੂੰ ਇੱਕ ਸ਼ਕਤੀਸ਼ਾਲੀ ਅਤੇ ਖੁਸ਼ਹਾਲ ਰਾਜ ਬਣਾਉਣ ਵਿੱਚ ਆਪਣਾ ਖੂਨ ਪਸੀਨਾਂ ਇੱਕ ਕਰ ਦਿੱਤਾ ਸੀ।

ਭਾਰਤੀ ਇਤਿਹਾਸ ਦੇ ਹੋਰ ਕਈ ਸ਼ਾਸਕਾਂ ਵਾਂਗ ਬੇਸ਼ਕ ਮਹਾਰਾਜਾ ਰਣਜੀਤ ਸਿੰਘ ਅਨਪੜ੍ਹ ਸੀ ਪਰ ਉਸਦੀ ਯਾਦ ਸ਼ਕਤੀ ਬੜੀ ਤੇਜ਼ ਸੀ। ਉਸਨੂੰ ਆਪਣੇ ਪ੍ਰਾਂਤਾਂ, ਪਿੰਡਾਂ, ਅਫ਼ਸਰਾਂ

ਅਤੇ ਮਾਲੀਏ ਤੋਂ ਇਕੱਠੀ ਹੋਣ ਵਾਲੀ ਰਕਮ ਦੇ ਪੂਰੇ ਵੇਰਵੇ ਜ਼ਬਾਨੀ ਯਾਦ ਸਨ। ਉਸਨੇ ਦੇਸ਼ ਦੀ ਆਰਥਕ ਤਰੱਕੀ ਲਈ ਵਿਉਪਾਰੀਆਂ ਅਤੇ ਕਾਸ਼ਤਕਾਰਾਂ ਨੂੰ ਹਰ ਤਰ੍ਹਾਂ ਦੀਆਂ ਸਹੂਲਤਾਂ ਪ੍ਰਦਾਨ ਕੀਤੀਆਂ ਸਨ ਜਿਸ ਕਾਰਨ ਉਸਦੇ ਸਮੇਂ ਦਾ ਪੰਜਾਬ, ਹਿਦੁਸਤਾਨ ਦੇ ਬਾਕੀ ਸਾਰੇ ਰਾਜਾਂ ਨਾਲੋਂ ਵਧੇਰੇ ਅਮੀਰ ਅਤੇ ਖੁਸ਼ਹਾਲ ਬਣ ਗਿਆ ਸੀ।

ਉਸ ਨੂੰ ਚੰਗੀਆਂ ਚੰਗੀਆਂ ਤੇ ਨਵੀਆਂ ਗੱਲਾਂ ਜਾਣਨ ਦੀ ਹਮੇਸ਼ਾਂ ਜਿਗਿਆਸਾ ਲੱਗੀ ਰਹਿੰਦੀ ਸੀ। ਉਹ ਇੱਕ ਚੰਗਾ ਸ਼ਾਸਕ ਅਤੇ ਸੁਚੱਜਾ ਪ੍ਰਬੰਧਕ ਸੀ। ਆਪਣੇ ਮਿਲਾਪੜੇ ਸੁਭਾ ਅਤੇ ਖੁਲ੍ਹ ਦਿਲੀ ਕਰਕੇ ਉਹ ਲੋਕਾਂ ਵਿੱਚ ਬੜਾ ਹਰਮਨ ਪਿਆਰਾ ਸੀ। ਉਹ ਬੱਚਿਆਂ ਨੂੰ ਵੀ ਬੜਾ ਪਿਆਰ ਕਰਦਾ ਸੀ। ਬੇਸ਼ਕ ਉਸਦੇ ਹੱਥ ਵਿੱਚ ਬੜੀ ਤਾਕਤ ਸੀ ਪਰ ਉਹ ਤਾਨਾਸ਼ਾਹ ਨਹੀਂ ਸੀ ਤੇ ਨਾ ਹੀ ਜ਼ਾਲਮ ਸੀ। ਉਸਨੇ ਆਪਣੇ 40 ਸਾਲਾਂ ਦੇ ਰਾਜ ਦੌਰਾਨ ਕਿਸੇ ਇੱਕ ਵਿਅਕਤੀ ਨੂੰ ਵੀ ਮੌਤ ਦੀ ਸਜ਼ਾ ਨਹੀਂ ਸੀ ਦਿੱਤੀ।

ਉਹ ਚੰਗਾ ਘੁੜ ਸਵਾਰ ਤੇ ਬੜਾ ਫੁਰਤੀਲਾ ਜਰਨੈਲ ਸੀ। ਉਹ ਰਣਭੂਮੀ ਵਿੱਚ ਜਾਣ ਤੋਂ ਕਦੇ ਨਹੀਂ ਸੀ ਡਰਿਆ। ਹੜ੍ਹ ਵਿੱਚ ਆਏ ਹੋਏ ਅਟਕ ਦਰਿਆ ਵਿੱਚ ਠਿਲ੍ਹ ਪੈਣਾ ਜਾਂ ਖਾਲਸਾ ਰਾਜ ਦੇ ਵਿਸਥਾਰ ਲਈ ਲੜੀਆਂ ਗਈਆਂ ਸਾਰੀਆਂ ਵੱਡੀਆਂ ਲੜਾਈਆਂ ਵਿੱਚ ਅੱਗੇ ਹੋਕੇ ਲੜਣਾ ਉਸਦੀ ਬਹਾਦਰੀ ਦੇ ਪ੍ਰਤੱਖ ਪ੍ਰਮਾਣ ਹਨ। ਰਾਜ ਕਾਜ ਦੇ ਕੰਮਾਂ ਵਿੱਚ ਉਸਨੇ ਕਦੇ ਢਿੱਲ ਨਹੀਂ ਸੀ ਵਿਖਾਈ। ਬੀਮਾਰੀ ਦੇ ਦਿਨਾਂ ਵਿੱਚ ਵੀ ਉਹ ਸਰਕਾਰੀ ਕੰਮਾਂ ਨੂੰ ਕਦੇ ਨਜ਼ਰ ਅੰਦਾਜ਼ ਨਹੀਂ ਸੀ ਕਰਦਾ। ਦੁਨੀਆ ਵਿੱਚ ਇਹੋ ਜਿਹੇ ਬੜੇ ਘੱਟ ਸ਼ਾਸਕ ਹੋਏ ਹਨ ਜਿਨ੍ਹਾਂ ਨੇ ਆਪਣੇ ਬਾਹੂ ਬਲ ਨਾਲ ਰਾਜ ਵੀ ਸਥਾਪਤ ਕੀਤੇ ਹੋਣ ਤੇ ਫਿਰ ਆਪਣੇ ਯੋਗ ਪ੍ਰਬੰਧ ਨਾਲ ਉਸ ਨੂੰ ਮਜ਼ਬੂਤੀ ਅਤੇ ਖੁਸ਼ਹਾਲੀ ਦੀਆਂ ਸਿਖਰਾਂ ਤੱਕ ਲੈ ਗਏ ਹੋਣ। ਮਹਾਰਾਜਾ ਰਣਜੀਤ ਸਿੰਘ ਉਨ੍ਹਾਂ ਵਿੱਚੋਂ ਇੱਕ ਸੀ।

ਅੱਜ ਜਦ ਕਿ ਸਾਰਾ ਵਿਸ਼ਵ ਮਹਾਰਾਜਾ ਰਣਜੀਤ ਸਿੰਘ ਦੀ ਤਾਜਪੋਸ਼ੀ ਦੀ 200ਵੀਂ ਵਰ੍ਹੇ ਗੰਢ ਮਨਾ ਰਿਹਾ ਹੈ, ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਵੱਲੋਂ ਇਹ ਛੋਟੀ ਜਿਹੀ ਪੁਸਤਕ ਪ੍ਰਕਾਸ਼ਤ ਕੀਤੀ ਜਾ ਰਹੀ ਹੈ। ਇਸ ਪੁਸਤਕ ਵਿੱਚ ਖਾਲਸਾ ਰਾਜ ਦੇ ਤਿੰਨ ਮਹਾਨ ਨਿਰਮਾਤਾਵਾਂ ਸਬੰਧੀ ਸੰਖਿਪਤ ਲੇਖ ਹਨ : ਪੰਜਾਬ ਦਾ ਗੌਰਵ, ਮਹਾਰਾਜਾ ਰਣਜੀਤ ਸਿੰਘ, ਖਾਲਸਾ ਰਾਜ ਦਾ ਥੰਮ੍ਹ, ਸ੍ਰ. ਹਰੀ ਸਿੰਘ ਨਲੂਆ ਅਤੇ ਖਾਲਸਾ ਰਾਜ ਦਾ ਰਾਖਾ, ਅਕਾਲੀ ਬਾਬਾ ਫੂਲਾ ਸਿੰਘ। ਆਖਰੀ ਲੇਖ ਵਿੱਚ ਕੇਵਲ ਅਕਾਲੀ ਫੂਲਾ ਸਿੰਘ ਜੀ ਦੀ ਸ਼ਹਾਦਤ ਅਤੇ ਅਰਦਾਸ ਦੀ ਮਹੱਤਤਾ ਨੂੰ ਹੀ ਪੇਸ਼ ਕੀਤਾ ਗਿਆ ਹੈ। ਇਹ ਛੋਟੀ ਜਿਹੀ ਪੁਸਤਕ ਡਾ. ਹਰਬੰਸ ਸਿੰਘ ਚਾਵਲਾ, ਇਤਿਹਾਸ ਵਿਭਾਗ, ਸ੍ਰੀ ਗੁਰੂ ਤੇਗ ਬਹਾਦਰ ਖਾਲਸਾ ਕਾਲਜ, ਦਿੱਲੀ ਯੂਨੀਵਰਸਿਟੀ ਨੇ ਤਿਆਰ ਕੀਤੀ ਹੈ। ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਉਨ੍ਹਾਂ ਦੁਆਰਾ ਤਿਆਰ ਕੀਤੇ ਗਏ ਕਈ ਟਰੈਕਟ ਪਹਿਲਾਂ ਹੀ ਛਾਪੇ ਤੇ ਸੰਗਤਾਂ ਵਿੱਚ ਵੰਡੇ ਜਾ ਚੁੱਕੇ ਹਨ।

ਅਸੀਂ ਡਾ. ਹਰਬੰਸ ਸਿੰਘ ਦੇ ਇਸ ਉੱਦਮ ਦੀ ਸ਼ਲਾਘਾ ਕਰਦੇ ਹਾਂ ਤੇ ਅਰਦਾਸ ਕਰਦੇ ਹਾਂ ਕਿ ਉਨ੍ਹਾਂ ਦੀ ਕਲਮ ਇਸੇ ਤਰ੍ਹਾਂ ਸਿੱਖ ਇਤਿਹਾਸ ਬਾਰੇ ਲਿਖਣ ਤੇ ਪੰਥ ਦੀ ਸੇਵਾ ਲਈ ਚਲਦੀ ਰਹੇ।

**ਚੇਅਰਮੈਨ ਧਰਮ ਪ੍ਰਚਾਰ ਕਮੇਟੀ**

**ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ**

## ਪੰਜਾਬ ਦਾ ਗੌਰਵ

# ਮਹਾਰਾਜਾ ਰਣਜੀਤ ਸਿੰਘ

ਮਹਾਰਾਜਾ ਰਣਜੀਤ ਸਿੰਘ, ਨਿਰਸੰਦੇਹ, 19ਵੀਂ ਸਦੀ ਦੇ ਪਹਿਲੇ ਅੱਧ ਵਿਚ ਪੰਜਾਬ ਦਾ ਹੀ ਨਹੀਂ ਸਗੋਂ ਪੂਰੇ ਏਸ਼ੀਆ ਵਿਚ ਸਭ ਤੋਂ ਸ਼ਕਤੀ ਸ਼ਾਲੀ ਰਾਜਾ ਸੀ। ਉਸਨੇ ਆਪਣੀ ਯੋਗਤਾ ਅਤੇ ਬਾਹੂਬਲ ਨਾਲ ਇਕ ਵਿਸ਼ਾਲ ਰਾਜ ਦੀ ਸਥਾਪਤੀ ਕੀਤੀ, ਜਿਸਦੀਆਂ ਸੀਮਾਵਾਂ ਦਰਿਆ ਸਤਲੁਜ ਤੋਂ ਲੈ ਕੇ ਦੱਰਾ ਖ਼ੈਬਰ ਤਕ ਅਤੇ ਤਿੱਬਤ ਵਿਚ ਲਦਾਖ ਅਤੇ ਅਸਕਰਦੂ ਤੋਂ ਲੈ ਕੇ ਦੱਖਣ ਵਿਚ ਸ਼ਿਕਾਰਪੁਰ ਸਿੰਧ ਤਕ ਫੈਲੀਆਂ ਹੋਈਆਂ ਸਨ। ਮਹਾਰਾਜੇ ਦੀ ਸਲਤਨਤ ਦਾ ਖ਼ੇਤਰਫਲ ਇਕ ਲੱਖ ਚਾਲ੍ਹੀ ਹਜ਼ਾਰ ਵਰਗ ਮੀਲ ਸੀ। ਉਸਦੇ ਰਾਜ ਦੀ ਸਲਾਨਾ ਆਮਦਨੀ ਸਵਾ ਤਿੰਨ ਕਰੋੜ ਤੋਂ ਉਪਰ ਸੀ। ਖ਼ਾਲਸਾ ਰਾਜ ਚਾਰ ਵੱਡੇ ਸੂਬਿਆਂ ਵਿਚ ਵੰਡਿਆ ਹੋਇਆ ਸੀ। ਇਹ ਸਨ - ਸੂਬਾ ਲਾਹੌਰ, ਸੂਬਾ ਮੁਲਤਾਨ, ਸੂਬਾ ਕਸ਼ਮੀਰ ਅਤੇ ਸੂਬਾ ਪਿਸ਼ਾਵਰ। 27 ਜੂਨ 1839 ਨੂੰ ਜਦੋਂ ਮਹਾਰਾਜਾ ਰਣਜੀਤ ਸਿੰਘ ਦਾ ਦੇਹਾਂਤ ਹੋਇਆ ਤਾਂ ਉਸਦੇ ਖ਼ਜ਼ਾਨੇ ਵਿਚ ਕਰੋੜਾਂ ਰੁਪਿਆਂ ਦੇ ਹੀਰੇ ਜਵਾਹਾਰਾਤ, ਸੋਨੇ ਚਾਂਦੀ ਦੇ ਬਰਤਨ ਅਤੇ ਕੀਮਤੀ ਵਸਤੂਆਂ ਤੋਂ ਛੁੱਟ, ਸੰਸਾਰ ਪ੍ਰਸਿੱਧ 'ਕੋਹਿਨੂਰ ਹੀਰਾ' ਅਤੇ 12 ਕਰੋੜ ਰੁਪਿਆ ਨਕਦ ਮੌਜੂਦ ਸੀ। ਉਸਦੇ ਰਾਜ ਦੀ ਪਰਜਾ ਇਤਨੀ ਖੁਸ਼ਹਾਲ ਅਤੇ ਸੰਤੁਸ਼ਟ ਸੀ ਕਿ ਉਸਦੀ ਮੌਤ ਮਗਰੋਂ ਇਕ ਮੁਸਲਮਾਨ ਸ਼ਾਇਰ, ਸ਼ਾਹ ਮੁਹੰਮਦ ਨੇ ਲਿਖਿਆ ਸੀ :

**ਮਹਾਂਬਲੀ ਰਣਜੀਤ ਸਿੰਘ ਹੋਇਆ ਪੈਦਾ,**
**ਨਾਲ ਜ਼ੋਰ ਦੇ ਮੁਲਕ ਹਿਲਾਇ ਗਿਆ।**
**ਮੁਲਤਾਨ, ਕਸ਼ਮੀਰ, ਪਿਸ਼ੌਰ, ਚੰਬਾ,**
**ਜੰਮੂ ਕਾਂਗੜਾ ਕੋਟ ਨਿਵਾਇ ਗਿਆ।**
**ਤਿਬੱਤ ਦੇਸ ਲੱਦਾਖ਼ ਤੇ ਚੀਨ ਤੋੜੀ,**
**ਸਿੱਕਾ ਆਪਣੇ ਨਾਮ ਚਲਾਇ ਗਿਆ।**
**ਸ਼ਾਹ ਮੁਹੰਮਦਾ ਜਾਨ ਪਚਾਸ ਬਰਸਾਂ,**
**ਅੱਛਾ ਰੱਜ ਕੇ ਰਾਜ ਕਮਾਇ ਗਿਆ।**

**(ਜੰਗਨਾਮਾ)**

ਰਣਜੀਤ ਸਿੰਘ ਦੇ ਰਾਜਕਾਲ ਵਿਚ ਅਨੇਕਾਂ ਵਿਦੇਸ਼ੀ ਸੈਲਾਨੀ ਸਾਡੇ ਦੇਸ਼ ਵਿਚ ਆਏ। ਉਨ੍ਹਾਂ ਨੇ ਆਪਣੇ ਸਫ਼ਰਨਾਮਿਆਂ ਵਿਚ ਮਹਾਰਾਜੇ ਦੀ ਭਰਪੂਰ ਸ਼ਲਾਘਾ ਕੀਤੀ ਹੈ। ਮਹਾਰਾਜੇ ਨੂੰ ਮਿਲਣ ਆਇਆ ਹਰ ਵਿਅਕਤੀ ਉਸਦੀ ਸ਼ਖ਼ਸੀਅਤ ਤੋਂ ਪ੍ਰਭਾਵਿਤ ਹੋਏ ਬਗ਼ੈਰ ਨਹੀਂ ਸੀ ਰਹਿ ਸਕਦਾ। ਅਲੈਗਜ਼ੈਂਡਰ ਬਰਨਜ਼ ਨੇ ਆਪਣੇ ਸਫ਼ਰਨਾਮੇ ਵਿਚ ਲਿਖਿਆ ਹੈ,

'ਮੈਂ ਏਸ਼ੀਆ ਦੇ ਕਿਸੇ ਬੰਦੇ ਨੂੰ ਮਿਲ ਕੇ ਕਦੇ ਇਤਨਾ ਪ੍ਰਭਾਵਿਤ ਨਹੀਂ ਹੋਇਆ ਜਿਤਨਾ ਰਣਜੀਤ ਸਿੰਘ ਨੂੰ ਮਿਲ ਕੇ ਹੋਇਆ ਹਾਂ। ਬਿਨਾਂ ਕਿਸੇ ਵਿੱਦਿਆ ਅਤੇ ਰਾਜਸੀ ਰਹਿਨੁਮਾ ਦੇ ਉਹ ਅਦੱਭੁਤ ਸ਼ਕਤੀ ਅਤੇ ਉਤਸ਼ਾਹ ਨਾਲ ਆਪਣੇ ਰਾਜ ਦੇ ਸਮੁੱਚੇ ਕੰਮ ਨੂੰ ਚਲਾ ਰਿਹਾ ਹੈ।' ਮਹਾਰਾਜੇ ਦੀ ਅਸੀਮ ਸ਼ਕਤੀ ਬਾਰੇ ਜੀ. ਟੀ. ਵਿਗਨੇ ਲਿਖਦਾ ਹੈ ਕਿ 'ਜੇ ਈਸਟ ਇੰਡੀਆ ਕੰਪਨੀ ਨੇ ਪੂਰਬ ਵੱਲ ਉਸਨੂੰ (ਅੰਮ੍ਰਿਤਸਰ ਦੀ ਸੰਧੀ, 25 ਅਪ੍ਰੈਲ 1809) ਦੁਆਰਾ ਠਲ੍ਹ ਨਾ ਪਾਈ ਹੁੰਦੀ ਤਾਂ ਉਹ ਦਿੱਲੀ ਦੇ ਤਖ਼ਤ ਤੇ ਬਿਰਾਜਮਾਨ ਹੋ ਗਿਆ ਹੁੰਦਾ। ਮਹਾਰਾਜੇ ਨੇ ਸੰਨ 1799 ਤੋਂ ਲੈ ਕੇ 1839 ਈ. ਤਕ ਰਾਜ ਕੀਤਾ। ਉਸਨੇ 1799 ਵਿੱਚ ਲਾਹੌਰ ਜਿੱਤਿਆ ਸੀ ਤੇ 12 ਅਪ੍ਰੈਲ 1801ਨੂੰ ਮਹਾਰਾਜਗੀ ਦਾ ਪੱਦ ਧਾਰਨ ਕੀਤਾ ਸੀ। ਉਸ ਦੇ ਇਨਸਾਫ਼ ਦਾ ਇਹ ਹਾਲ ਸੀ ਕਿ ਉਸਦੇ ਚਾਲ੍ਹੀ ਸਾਲ ਦੇ ਰਾਜਕਾਲ ਵਿਚ ਕਿਸੇ ਇਕ ਵਿਅਕਤੀ ਨੂੰ ਵੀ ਮੌਤ ਦੀ ਸਜ਼ਾ ਨਹੀਂ ਸੀ ਦਿੱਤੀ ਗਈ। ਲੋਕ ਉਸਨੂੰ ਦਿਲੋਂ ਪਿਆਰ ਕਰਦੇ ਸਨ।

There was no ferocity in his disposition and he never punished a criminal with death even under circumstances of aggravated offences. Humanity indeed, or rather a tenderness for life was a trait in the character of Ranjeet Singh.

(Capt. Murray, History of the Punjab, 1846)

ਇਹ ਠੀਕ ਹੈ ਕਿ ਮਹਾਰਾਜਾ ਰਣਜੀਤ ਸਿੰਘ ਸਿੱਖੀ ਸ਼ਰਧਾ ਵਿਚ ਪਰਪਕ, ਨਿੱਤਨੇਮੀ ਅਤੇ ਪੂਰਨ ਗੁਰਸਿੱਖ ਸੀ ਪਰ ਉਸਦੀ ਨਜ਼ਰ ਵਿਚ ਪੰਜਾਬ ਦੇ ਹਿੰਦੂ, ਸਿੱਖ, ਮੁਸਲਮਾਨ ਤੇ ਹੋਰ ਧਰਮਾਂ ਦੇ ਲੋਕ ਸਭ ਬਰਾਬਰ ਸਨ। ਉਸਨੇ ਜਾਤਿ, ਜਨਮ ਕਰਕੇ ਕਦੇ ਕਿਸੇ ਨਾਲ ਵਿਤਕਰਾ ਨਹੀਂ ਸੀ ਕੀਤਾ। ਉਸ ਦੇ ਦਿਲ ਵਿਚ ਸਭ ਲਈ ਪਿਆਰ ਅਤੇ ਹਮਦਰਦੀ ਸੀ। ਕਹਿਣ ਨੂੰ ਤਾਂ ਪੰਜਾਬ ਦਾ ਰਾਜ 'ਖ਼ਾਲਸਾ ਰਾਜ' ਸੀ, ਪਰ ਅਸਲ ਵਿਚ ਇਹ ਰਾਜ ਸਾਰੇ ਪੰਜਾਬੀਆਂ ਦਾ ਰਾਜ ਸੀ, ਜਿਸ ਵਿੱਚ ਉਹ ਬਰਾਬਰ ਦੇ ਭਾਈਵਾਲ ਸਨ। ਰਾਜ ਪ੍ਰਬੰਧ ਨੂੰ ਚਲਾਉਣ ਲਈ ਵਜ਼ੀਰਾਂ ਜਾਂ ਕਰਮਚਾਰੀਆਂ ਦੀ ਚੋਣ ਕਿਸੇ ਜਾਤਿ ਜਾਂ ਧਰਮ ਨੂੰ ਮੁੱਖ ਰਖਕੇ ਨਹੀਂ ਸਗੋਂ ਕਿਸੇ ਵਿਅਕਤੀ ਦੀ ਯੋਗਤਾ ਨੂੰ ਧਿਆਨ ਵਿਚ ਰਖਕੇ ਕੀਤੀ ਜਾਂਦੀ ਸੀ। ਮਹਾਰਾਜੇ ਦੇ ਵਜ਼ੀਰ ਸਿੱਖ ਵੀ ਸਨ, ਹਿੰਦੂ ਤੇ ਮੁਸਲਮਾਨ ਵੀ। ਵਿਦੇਸ਼ੀ ਢੰਗ ਦੀ ਫ਼ੌਜ ਨੂੰ ਤਿਆਰ ਕਰਨ ਅਤੇ ਉਸ ਦੀ ਕਮਾਨ ਸੰਭਾਲਣ ਲਈ ਕਈ ਯੂਰਪੀਨ ਜਰਨੈਲਾਂ ਨੂੰ ਭਰਤੀ ਕੀਤਾ ਗਿਆ ਸੀ। ਇਨ੍ਹਾਂ ਵਿਚੋਂ ਬਹੁਤੇ ਜਰਨੈਲ ਯੂਰਪ ਦੀਆਂ ਕਈ ਲੜਾਈਆਂ ਵਿਚ ਭਾਗ ਲੈ ਚੁਕੇ ਸਨ। ਲਾਹੌਰ ਦਰਬਾਰ ਵਿਚ ਭਰਤੀ ਕਰਨ ਤੋਂ ਪਹਿਲਾਂ ਉਨ੍ਹਾਂ ਦੀ ਚੰਗੀ ਤਰ੍ਹਾਂ ਪਰਖ ਕਰ ਲਈ ਜਾਂਦੀ ਸੀ। ਜਦੋਂ 1822 ਵਿਚ ਜਨਰਲ ਵੈਂਤੂਰਾ ਅਤੇ ਅੱਲਾਰਡ ਲਾਹੌਰ ਆਏ ਤਾਂ ਫੌਜ ਵਿਚ ਭਰਤੀ ਹੋਣ ਤੋਂ ਪਹਿਲਾਂ ਉਨ੍ਹਾਂ ਨੂੰ ਵੀ ਕਰੜੀ ਪਰਖ ਵਿਚੋਂ ਲੰਘਣਾ ਪਿਆ ਸੀ।

ਨਿੱਤ ਦੇ ਰਾਜ ਪ੍ਰਬੰਧ ਵਿਚ ਮਹਾਰਾਜੇ ਦਾ ਵਤੀਰਾ ਹਰ ਧਰਮ ਦੇ ਲੋਕਾਂ ਨਾਲ ਇਨਸਾਫ਼ ਅਤੇ ਹਮਦਰਦੀ ਵਾਲਾ ਸੀ। ਹਰ ਇਕ ਨੂੰ ਆਪੋ ਆਪਣੇ ਧਾਰਮਿਕ ਅਕੀਦੇ ਅਨੁਸਾਰ ਧਰਮ ਦੇ ਮਾਮਲੇ ਵਿਚ ਪੂਰਨ ਆਜ਼ਾਦੀ ਸੀ। ਕਿਸੇ ਨੂੰ ਵੀ ਕਿਸੇ ਹੋਰ ਦੇ ਧਰਮ ਵਿਚ ਦਖ਼ਲ ਦੇਣ ਜਾਂ ਉਨ੍ਹਾਂ ਦੇ ਧਰਮ ਦੀ ਨਿਰਾਦਰੀ ਕਰਨ ਦੀ ਇਜਾਜ਼ਤ ਨਹੀਂ ਸੀ। ਮਹਾਰਾਜੇ ਨੇ ਆਪਣੇ ਜਰਨੈਲਾਂ ਨੂੰ ਹੁਕਮ ਦੇ ਰੱਖਿਆ ਸੀ ਕਿ ਜਦੋਂ ਵੀ ਕੋਈ ਨਵਾਂ ਨਗਰ ਜਾਂ ਪਿੰਡ ਜਿੱਤਿਆ ਜਾਵੇ ਤਾਂ ਉਥੋਂ ਦੇ ਕਿਸੇ ਵੀ ਧਰਮ ਅਸਥਾਨ ਜਾਂ ਧਾਰਮਿਕ ਗ੍ਰੰਥ ਦੀ ਬੇਅਦਬੀ ਨਾ ਕੀਤੀ ਜਾਵੇ ਅਤੇ ਨਾ ਹੀ ਨਗਰ ਵਿਚ ਲੁੱਟ ਮਾਰ ਕੀਤੀ ਜਾਵੇ। ਲੜਾਈ ਦੇ ਮੌਕੇ ਤੇ ਕਿਸੇ ਨਾਗਰਿਕ ਦੀ ਧੀ ਭੈਣ ਦੀ ਬੇਪਤੀ ਕਰਨ ਦੀ ਵੀ ਸਖ਼ਤ ਮਨਾਹੀ ਸੀ।

ਮਹਾਰਾਜਾ ਬੜਾ ਦਿਆਲੂ ਅਤੇ ਸਹਿਨਸ਼ੀਲ ਸੀ। ਉਹ ਕਦੇ ਵੀ ਆਪਣੇ ਵਿਰੋਧੀਆਂ ਨਾਲ ਬਦਲੇ ਜਾਂ ਉਨ੍ਹਾਂ ਨੂੰ ਤਬਾਹ ਕਰ ਦੇਣ ਦੀ ਭਾਵਨਾਂ ਨਾਲ ਪੇਸ਼ ਨਹੀਂ ਸੀ ਆਉਂਦਾ। ਪੂਰੇ ਰਾਜ ਵਿਚ ਕੋਈ ਵੀ ਸਿੱਖ, ਗ਼ੈਰ ਸਿੱਖ ਜਾਂ ਮੁਸਲਮਾਨ ਹਾਕਮ ਅਜੇਹਾ ਨਹੀਂ ਸੀ ਜਿਸ ਦੇ ਰਾਜ ਨੂੰ ਮਹਾਰਾਜੇ ਨੇ ਆਪਣੇ ਰਾਜ ਵਿਚ ਮਿਲਾਇਆ ਹੋਵੇ ਤੇ ਫਿਰ ਉਸ ਦੇ ਪ੍ਰਵਾਰ ਦੇ ਗੁਜ਼ਾਰੇ ਲਈ ਉਸਦੇ ਨਾਂ ਚੰਗੀ ਜਗੀਰ ਨਾ ਲਗਵਾਈ ਹੋਵੇ। ਚਾਹੇ ਉਹ ਮੁਲਤਾਨ ਅਤੇ ਕਸੂਰ ਦੇ ਮੁਸਲਮਾਨ ਨਵਾਬ ਸਨ ਯਾ ਮਿਸਲਾਂ ਦੇ ਹਾਰੇ ਹੋਏ ਸਿੱਖ ਸਰਦਾਰ, ਉਸਨੇ ਆਪਣੇ ਸਹਿਣਸ਼ੀਲ ਸੁਭਾ ਕਰਕੇ ਉਨ੍ਹਾਂ ਸਾਰਿਆਂ ਦਾ ਦਿਲ ਜਿੱਤ ਲਿਆ ਸੀ। ਇਸੇ ਕਰਕੇ ਜਿੱਤੇ ਹੋਏ ਇਲਾਕਿਆਂ ਦੇ ਕਈ ਮੁਖੀ ਮਹਾਰਾਜੇ ਦੇ ਦਰਬਾਰ ਵਿਚ ਸ਼ਾਮਲ ਹੋ ਗਏ ਸਨ।

ਮਹਾਰਾਜੇ ਦੇ ਮੁਸਲਮਾਨ ਮੰਤਰੀਆਂ ਵਿਚੋਂ ਫ਼ਕੀਰ ਅਜ਼ੀਜ਼-ਓ-ਦੀਨ, ਉਸ ਦੇ ਛੋਟੇ ਭਰਾ ਫ਼ਕੀਰ ਨੂਰ-ਓ-ਦੀਨ ਅਤੇ ਫ਼ਕੀਰ ਇਮਾਮ-ਓ-ਦੀਨ ਉੱਚ ਪਦਵੀਆਂ ਤੇ ਸੁਸ਼ੋਭਿਤ ਸਨ। ਸਿੱਖਾਂ ਵਿਚੋਂ ਸ੍ਰ. ਫ਼ਤਿਹ ਸਿੰਘ ਆਹਲੂਵਾਲੀਆ, ਸ੍ਰ. ਜੋਧ ਸਿੰਘ ਰਾਮਗੜ੍ਹੀਆ, ਸ੍ਰ. ਹਰੀ ਸਿੰਘ ਨਲੂਆ, ਸ੍ਰ. ਸ਼ਾਮ ਸਿੰਘ ਅਟਾਰੀ, ਸ੍ਰ. ਦੇਸਾ ਸਿੰਘ ਮਜੀਠੀਆ,ਸ੍ਰ. ਲਹਿਣਾ ਸਿੰਘ ਅਤੇ ਸੁਤੰਤਰ ਬਿਰਤੀ ਵਾਲਾ ਅਕਾਲੀ ਫੂਲਾ ਸਿੰਘ ਪ੍ਰਸਿੱਧ ਵਿਅਕਤੀ ਸਨ। ਰਾਜ ਪ੍ਰਬੰਧ ਦਾ ਬਹੁਤਾ ਕੰਮ ਡੋਗਰੇ ਭਰਾਵਾਂ ਅਤੇ ਹਿੰਦੂ ਮੰਤਰੀਆਂ ਦੇ ਹੱਥ ਵਿਚ ਸੀ। ਮੁੱਢਲੇ ਸੈਨਾਪਤੀਆਂ ਵਿਚੋਂ ਦੀਵਾਨ ਮੋਹਕਮ ਚੰਦ ਅਤੇ ਮਿਸਰ ਦੀਵਾਨ ਚੰਦ ਨੇ ਖ਼ਾਲਸਾ ਰਾਜ ਦੀ ਬੜੀ ਸੇਵਾ ਕੀਤੀ ਸੀ। ਦੀਵਾਨ ਮੋਤੀ ਰਾਮ ਕਸ਼ਮੀਰ ਦਾ ਅਤੇ ਦੀਵਾਨ ਸਾਵਨ ਮੱਲ ਮੁਲਤਾਨ ਦਾ ਸੂਬੇਦਾਰ ਸੀ। ਵਿੱਤ ਵਿਭਾਗ ਦਾ ਕੰਮ ਦੀਵਾਨ ਭਿਵਾਨੀ ਦਾਸ, ਗੰਗਾ ਰਾਮ ਅਤੇ ਦੀਨਾ ਨਾਥ ਦੇ ਕੋਲ ਸੀ। ਲਾਹੌਰ ਦੇ ਤੋਸ਼ੇ ਖਾਨੇ ਦੀਆਂ ਚਾਬੀਆਂ ਮਿਸਰ ਬੇਲੀ ਰਾਮ ਕੋਲ ਹੋਇਆ ਕਰਦੀਆਂ ਸਨ। ਵਿਦੇਸ਼ੀ ਅਹਿਲਕਾਰਾਂ ਵਿਚੋਂ ਜਨਰਲ ਵੈਨਤੂਰਾ, ਅਲੱਾਰਡ, ਅਵੀਤਾਬਾਈਲ ਅਤੇ ਹੈਨਰੀ ਕੋਰਟ ਪ੍ਰਸਿੱਧ ਸਨ। ਜਨਰਲ ਅਵੀਤਾਬਾਈਲ ਕੁਝ ਸਮੇਂ ਲਈ ਪਿਸ਼ਾਵਰ ਦਾ ਗਵਰਨਰ ਰਿਹਾ ਸੀ ਅਤੇ ਸ੍ਰ. ਹਰੀ ਸਿੰਘ ਨਲੂਆ ਕਸ਼ਮੀਰ ਦਾ।

ਹਰ ਪਾਸੇ ਅਮਨ ਅਤੇ ਸ਼ਾਂਤੀ ਦਾ ਮਾਹੌਲ ਹੋਣ ਕਾਰਨ ਪੰਜਾਬ ਦੇ ਕਿਸਾਨ ਅਤੇ ਵਿਉਪਾਰੀ ਬੜੇ ਖ਼ੁਸ਼ਹਾਲ ਸਨ। ਕਸ਼ਮੀਰ ਉਨ੍ਹਾਂ ਦੇ ਵਿਉਪਾਰ ਦਾ ਵੱਡਾ ਕੇਂਦਰ ਸੀ। ਲਾਹੌਰ

ਵਿਚ ਤੋਪਾਂ, ਤਲਵਾਰਾਂ, ਨੇਜ਼ੇ ਅਤੇ ਢਾਲਾਂ ਇਤਿਆਦ ਬਣਾਉਣ ਦੇ ਕਾਰਖਾਨੇ ਸਨ। ਸਿਆਲ ਕੋਟ ਦੇ ਲਾਗੇ ਰੰਗਪੁਰ ਵਧੀਆ ਕਾਗਜ਼ ਲਈ ਮਸ਼ਹੂਰ ਸੀ। ਮੁਲਤਾਨ ਅਤੇ ਬਹਾਵਲਪੁਰ ਵਿਚ ਵਧੀਆ ਕਿਸਮ ਦੇ ਖੇਸ, ਲੁੰਗੀਆਂ ਅਤੇ ਲਾਚੇ ਬਣਦੇ ਸਨ। ਹੁਸ਼ਿਆਰਪੁਰ ਵਿਚ ਲਕੜ ਅਤੇ ਹਾਥੀ ਦੰਦ ਦਾ ਕੰਮ ਹੁੰਦਾ ਸੀ। ਬਜਵਾੜਾ ਕਢਾਈ ਦੇ ਕੰਮ ਲਈ ਪ੍ਰਸਿੱਧ ਸੀ। ਪੰਜਾਬ ਦਾ ਵਿਉਪਾਰ ਦੂਰ ਦੂਰ ਦੇ ਦੇਸ਼ਾਂ ਤਕ ਫੈਲਿਆ ਹੋਇਆ ਸੀ। ਇਸ ਤਰ੍ਹਾਂ ਪੰਜਾਬ ਦੇ ਕਿਰਤੀ, ਕਿਸਾਨਾਂ ਅਤੇ ਕਾਰੀਗਰਾਂ ਨੂੰ ਆਪਣੀਆਂ ਵਸਤਾਂ ਦਾ ਚੰਗਾ ਮੁੱਲ ਮਿਲ ਜਾਂਦਾ ਸੀ। ਜ਼ਮੀਨ ਦੀ ਉਪਜ ਦੇ ਲਿਹਾਜ਼ ਨਾਲ ਪੰਜਾਬ ਦੂਜੇ ਪ੍ਰਾਂਤਾਂ ਤੋਂ ਬਹੁਤ ਅੱਗੇ ਸੀ। ਇਸ ਆਰਥਕ ਖੁਸ਼ਹਾਲੀ, ਆਪਸੀ ਪਿਆਰ ਅਤੇ ਭਾਈਚਾਰੇ ਪਿੱਛੇ ਮਹਾਰਜੇ ਦੀ ਧਰਮ ਨਿਰਪੇਖ ਦ੍ਰਿਸ਼ਟੀ ਅਤੇ ਸੁਚੱਜਾ ਰਾਜਸੀ ਪ੍ਰਬੰਧ ਸੀ, ਜਿਸ ਕਰਕੇ ਲੋਕਾਂ ਨੂੰ ਪ੍ਰਫੁਲਤ ਹੋਣ ਲਈ ਪੂਰੇ ਅਵਸਰ ਪ੍ਰਾਪਤ ਹੋਏ ਸਨ।

ਮਹਾਰਾਜਾ ਰਣਜੀਤ ਸਿੰਘ ਦੀ ਕਰ ਪ੍ਰਣਾਲੀ (Tax Policy) ਅਤੇ ਨਿਆਂ ਪ੍ਰਣਾਲੀ (Justice) ਬੜੀ ਸਾਦਾ ਸੀ। ਪਿੰਡਾਂ ਵਿਚ ਫ਼ੈਸਲੇ ਪੰਚਾਇਤਾਂ ਕਰਦੀਆਂ ਸਨ। ਮਹਾਰਾਜਾ ਰਣਜੀਤ ਸਿੰਘ ਨੇ ਆਪਣੇ ਰਾਜ ਚੋਂ ਮੌਤ ਦੀ ਸਜ਼ਾ ਖ਼ਤਮ ਕਰ ਦਿੱਤੀ ਸੀ। ਬਹੁਤਾ ਜ਼ੋਰ ਦੋਸ਼ੀਆਂ ਨੂੰ ਸੁਧਾਰਨ ਉਤੇ ਦਿੱਤਾ ਜਾਂਦਾ ਸੀ, ਨਾ ਕਿ ਸਖ਼ਤ ਸਜ਼ਾਵਾਂ ਦੇਣ ਤੇ। ਮਹਾਰਾਜੇ ਨੇ ਆਪਣੇ ਮਹਿਲ ਦੇ ਬਾਹਰ ਇਕ ਸੰਦੂਕ ਰਖਵਾਇਆ ਹੋਇਆ ਸੀ, ਜਿਸ ਵਿਚ ਲੋਕ ਬਿਨਾਂ ਕਿਸੇ ਡਰ ਜਾਂ ਭੈ ਦੇ ਆਪਣੀਆਂ ਸ਼ਕਾਇਤਾਂ ਜਾਂ ਪ੍ਰਾਰਥਨਾ ਪੱਤਰ ਪਾ ਸਕਦੇ ਹਨ। ਉਸ ਸੰਦੂਕ ਦੀ ਚਾਬੀ ਹਮੇਸ਼ਾ ਮਹਾਰਾਜੇ ਕੋਲ ਹੋਇਆ ਕਰਦੀ ਸੀ। ਸੰਦੂਕ ਵਿਚ ਆਈਆਂ ਹੋਈਆਂ ਸ਼ਕਾਇਤਾਂ ਦੀ ਸੁਣਵਾਈ ਮਹਾਰਾਜਾ ਆਪ ਕਰਿਆ ਕਰਦਾ ਸੀ।

ਮਹਾਰਾਜਾ ਆਪਣੀਆਂ ਜ਼ਿੰਮੇਵਾਰੀਆਂ ਨੂੰ ਨਿਭਾਉਣ ਵਿਚ ਸਦਾ ਤਤਪਰ ਰਹਿੰਦਾ ਸੀ। ਉਹ ਕਦੇ ਕਿਸੇ ਕੰਮ ਨੂੰ ਮੁਲਤਵੀ ਕਰਨ ਜਾਂ ਅਗੇ ਪਾਉਣ ਵਿਚ ਯਕੀਨ ਨਹੀਂ ਸੀ ਰਖਦਾ। ਜ਼ਰੂਰੀ ਮਸਲਿਆਂ ਨੂੰ ਮਹਾਰਾਜਾ ਤੁਰੰਤ ਨਿਪਟਾ ਦਿਆ ਕਰਦਾ ਸੀ।

ਮਹਾਰਾਜਾ ਲੋਕਾਂ ਦੇ ਖੁਸ਼ੀ, ਗਮੀ ਅਤੇ ਦਿਨ-ਤਿਉਹਾਰਾਂ ਵਿਚ ਸ਼ਰੀਕ ਹੋ ਕੇ ਉਨ੍ਹਾਂ ਦਾ ਹੀ ਅੰਗ ਬਣ ਜਾਂਦਾ ਸੀ। ਸਿੱਖ ਧਰਮ ਨਾਲ ਸਬੰਧਤ ਦਿਨ-ਤਿਉਹਾਰ ਅਤੇ ਗੁਰਪੁਰਬਾਂ ਤੋਂ ਛੁੱਟ ਮਹਾਰਾਜਾ ਹੋਲੀ, ਬਸੰਤ ਪੰਚਮੀ, ਦੀਵਾਲੀ ਅਤੇ ਮੁਹੱਰਮ ਆਦਿ ਤਿਉਹਾਰਾਂ ਵਿਚ ਵੀ ਸ਼ਰੀਕ ਹੁੰਦਾ ਸੀ। ਮੁਹੱਰਮ ਦੇ ਮੌਕੇ ਤੇ ਉਸਦੇ ਸ਼ਹਿਜ਼ਾਦੇ ਨਿਆਜ਼ ਲੈ ਕੇ ਜਾਂਦੇ ਸਨ। ਸੂਫ਼ੀ ਕਵੀ ਸ਼ਾਹ ਹੁਸੈਨ ਦੇ ਮਜ਼ਾਰ ਤੇ ਬਸੰਤ ਪੰਚਮੀ ਦਾ ਮੇਲਾ ਬੜੀ ਧੂਮ ਧਾਮ ਨਾਲ ਮਨਾਇਆ ਜਾਂਦਾ ਸੀ। ਜਿੱਥੇ ਮਹਾਰਾਜੇ ਨੇ ਹਰਿਮੰਦਰ ਸਾਹਿਬ, ਸ੍ਰੀ ਕੇਸਗੜ੍ਹ ਸਾਹਿਬ ਅਤੇ ਹਜ਼ੂਰ ਸਾਹਿਬ (ਨਾਦੇੜ) ਆਦਿ ਗੁਰਧਾਮਾਂ ਦੀ ਲੱਖਾਂ ਰੁਪਏ ਖ਼ਰਚ ਕਰਕੇ ਸੇਵਾ ਕੀਤੀ ਸੀ, ਉਥੇ ਉਸਨੇ ਹਿੰਦੂ ਮੰਦਰਾਂ, ਮਸਜਿਦਾਂ ਅਤੇ ਸੂਫ਼ੀ ਸੰਤਾਂ ਦੇ ਡੇਰਿਆਂ ਲਈ ਵੀ ਲੱਖਾਂ ਰੁਪਏ ਦਾਨ ਕੀਤੇ ਸਨ। ਉਸਨੇ ਇਕ ਮੁਸਲਮਾਨ ਕਾਤਬ ਕੋਲੋਂ ਕੁਰਾਨ ਸ਼ਰੀਫ਼ ਦੀ ਇਕ ਖੂਬਸੂਰਤ ਨਕਲ 10,000 ਰੁਪਏ ਦੇ ਕੇ ਇਸ ਲਈ ਖਰੀਦ ਲਈ ਸੀ ਕਿ ਉਹ ਉਸਨੂੰ ਈਰਾਨ ਵੇਚਣ ਜਾ ਰਿਹਾ ਸੀ। ਮਹਾਰਾਜਾ

ਹੋਰ ਧਰਮਾਂ ਦਾ ਵੀ ਉਤਨਾ ਹੀ ਸਤਿਕਾਰ ਕਰਦਾ ਸੀ, ਜਿਤਨੀ ਸ਼ਰਧਾ ਉਸਦੇ ਮਨ ਵਿਚ ਆਪਣੇ ਧਰਮ ਲਈ ਸੀ।

ਉਹ ਅਨਪੜ੍ਹ ਹੁੰਦਾ ਹੋਇਆ ਵੀ ਵਿਦਵਾਨਾਂ, ਸਾਹਿਤਕਾਰਾਂ, ਖੋਜੀਆਂ ਅਤੇ ਉਦਯੋਗਾਂ ਵਿਚ ਲਗੇ ਹੋਏ ਕਾਰੀਗਰਾਂ ਦਾ ਬੜਾ ਵੱਡਾ ਸਰਪ੍ਰਸਤ ਸੀ। ਉਸਨੂੰ ਸਦਾ ਹੀ ਨਵਾਂ ਕੁਝ ਜਾਣਨ ਦੀ ਬੜੀ ਜਗਿਆਸਾ ਲਗੀ ਰਹਿੰਦੀ ਸੀ। ਇਸੇ ਕਰਕੇ ਉਹ ਹਰ ਸੂਝਵਾਨ ਵਿਅਕਤੀ ਨਾਲ ਗੱਲਬਾਤ ਕਰਕੇ ਬੜਾ ਪ੍ਰਸੰਨ ਹੁੰਦਾ ਸੀ। ਉਸਦੀ ਯਾਦਸ਼ਤ ਬੜੀ ਤੇਜ਼ ਸੀ। ਇਕ ਵਾਰ ਦੀ ਸੁਣੀ ਹੋਈ ਗੱਲ ਉਹ ਹਮੇਸ਼ਾਂ ਲਈ ਯਾਦ ਰੱਖ ਸਕਦਾ ਸੀ। ਘੁੜ ਸਵਾਰੀ ਉਸਦਾ ਮਨ ਭਾਉਂਦਾ ਸ਼ੌਕ ਸੀ। ਰਾਜ ਦੇ ਕਈ ਫ਼ੈਸਲੇ ਉਹ ਘੋੜੇ ਦੀ ਕਾਠੀ ਤੇ ਬੈਠਾ ਬੈਠਾ ਹੀ ਕਰ ਲੈਂਦਾ ਸੀ। ਮਹਾਰਾਜਾ ਕੱਦ ਦਾ ਛੋਟਾ ਸੀ ਪਰ ਬੜਾ ਛੁਹਲਾ ਸੀ। ਬਚਪਨ ਵਿਚ ਨਿਕਲੀ ਚੇਚਕ ਕਰਕੇ ਉਸਦੀ ਇਕ ਅੱਖ ਜਾਂਦੀ ਰਹੀ ਸੀ ਪਰ ਉਸਨੇ ਆਪਣੇ ਇਸ ਘਾਟੇ ਨੂੰ ਹੋਰ ਗੁਣਾਂ ਨਾਲ ਪੂਰਾ ਕਰ ਲਿਆ ਸੀ। ਉਸਦੇ ਚੇਹਰੇ ਦਾ ਤੇਜ-ਪ੍ਰਤਾਪ ਹੀ ਕੁਝ ਐਸਾ ਸੀ ਕਿ ਉਸਦੀ ਸਮੁੱਚੀ ਸ਼ਖ਼ਸੀਅਤ ਤੋਂ ਕੋਈ ਵੀ ਪ੍ਰਭਾਵਿਤ ਹੋਏ ਬਗ਼ੈਰ ਨਹੀਂ ਸੀ ਰਹਿ ਸਕਦਾ। ਇਕ ਵਾਰ ਜਦੋਂ ਕਿਸੇ ਅੰਗਰੇਜ਼ ਨੇ ਫ਼ਕੀਰ ਅਜ਼ੀਜ਼-ਓ-ਦੀਨ ਕੋਲੋਂ ਪੁਛਿਆ ਸੀ ਕਿ 'ਤੁਹਾਡੇ ਮਹਾਰਾਜੇ ਦੀ ਕਿਹੜੀ ਅੱਖ ਕਾਨੀ ਹੈ'ਤਾਂ ਫ਼ਕੀਰ ਅਜ਼ੀਜ਼-ਓ-ਦੀਨ ਨੇ ਬੜੀ ਨਿਮਰਤਾ ਅਤੇ ਸੰਜੀਦਗੀ ਨਾਲ ਉੱਤਰ ਦਿੱਤਾ ਸੀ ਕਿ 'ਉਹਨਾਂ ਦੇ ਚੇਹਰੇ ਦਾ ਜਲਾਲ ਹੀ ਇਤਨਾ ਹੈ ਕਿ ਮੈਂ ਅੱਜ ਤਕ ਵੇਖ ਹੀ ਨਹੀਂ ਸਕਿਆ ਕਿ ਮਹਾਰਾਜੇ ਦੀ ਕਿਹੜੀ ਅੱਖ ਠੀਕ ਨਹੀਂ।'

ਮਹਾਰਾਜਾ ਰਣਜੀਤ ਸਿੰਘ ਦੀ ਖ਼ੁਰਾਕ ਅਤੇ ਲਿਬਾਸ ਬੜਾ ਸਾਦਾ ਸੀ। ਲੜਾਈ ਦੇ ਮੈਦਾਨ ਵਿਚ ਉਹ ਬੜਾ ਬਹਾਦਰ, ਦਲੇਰ ਅਤੇ ਨਿਡਰ ਸੀ। ਚੜ੍ਹੇ ਹੋਏ ਅਟਕ ਦਰਿਆ ਵਿਚ ਠਿਲ੍ਹ ਪੈਣਾ ਉਸਦੀ ਨਿਡਰਤਾ ਦੀ ਮੂੰਹ ਬੋਲਦੀ ਤਸਵੀਰ ਹੈ। ਉਸਨੇ ਕਦੇ ਵੀ ਹਾਰੇ ਹੋਏ ਦੁਸ਼ਮਣਾਂ ਨਾਲ ਸਖ਼ਤੀ ਵਾਲਾ ਸਲੂਕ ਨਹੀਂ ਸੀ ਕੀਤਾ। ਉਸਨੇ ਕਾਂਗੜਾ, ਕਸੂਰ, ਮੁਲਤਾਨ, ਪਿਸ਼ਾਵਰ ਤੇ ਹੋਰ ਜਿੱਤੇ ਹੋਏ ਇਲਾਕਿਆਂ ਦੇ ਸੂਬੇਦਾਰਾਂ ਨੂੰ ਕਈ ਵਾਰ ਮਾਫ਼ ਕੀਤਾ ਸੀ।

ਉਹ ਸੱਚੇ ਅਰਥਾਂ ਵਿਚ ਪਰਜਾ ਪਾਲਕ ਅਤੇ ਮਾਨਵਤਾ ਦਾ ਹਾਮੀ ਸੀ। ਉਸਦੀ ਦਿਆਲਤਾ, ਨਿਆਂਕਾਰੀ ਸੁਭਾ ਅਤੇ ਹੋਰ ਗੁਣਾਂ ਕਾਰਨ ਲੋਕ ਵੀ ਉਸ ਨੂੰ ਬਹੁਤ ਪਿਆਰ ਕਰਦੇ ਸਨ। ਇਕ ਵਾਰ ਜਦੋਂ ਦੇਸ਼ ਵਿਚ ਅਕਾਲ ਪੈ ਗਿਆ ਤਾਂ ਮਹਾਰਾਜਾ ਇਕ ਬਜ਼ੁਰਗ ਦੀ ਭਾਰੀ ਪੰਡ ਆਪ ਆਪਣੇ ਕੰਧੇ ਤੇ ਚੁਕ ਕੇ ਉਨ੍ਹਾਂ ਦੇ ਘਰ ਛੱਡ ਆਇਆ ਸੀ। ਇਕ ਬੁੱਢੀ ਔਰਤ ਦੇ ਲੋਹੇ ਦੇ ਤਵੇ ਨੂੰ ਸੋਨੇ ਵਿਚ ਵਟਾ ਦੇਣਾ ਤੇ ਬੇਰੀਆਂ ਤੋੜਣ ਵਾਲੇ ਬੱਚਿਆਂ ਨੂੰ ਪੱਥਰ ਮਾਰਨ ਦੀ ਸਜ਼ਾ ਨਾ ਦੇ ਕੇ ਕੀਮਤੀ ਤੁਹਫਿਆਂ ਨਾਲ ਲੱਦ ਦੇਣਾ ਮਹਾਰਾਜੇ ਦੀ ਸਖ਼ਾਵਤ ਦੀਆਂ ਸੱਚੀਆਂ ਕਹਾਣੀਆਂ ਹਨ। ਮਹਾਰਾਜਾ ਅੱਜ ਵੀ ਲੋਕ ਮਨਾਂ ਵਿੱਚ ਤੇ ਲੋਕ ਸਾਹਿਤ ਵਿੱਚ ਜੀਉਂਦਾ ਹੈ।

Over the last two centuries, the legend of Ranjit Singh has steadily grown on the Punjabi conscience. His memory remains

alive in history as well as in folklore, and his name continues to be pronounced with a rare fondness.

(Harbans Singh, Maharaja Ranjit Singh)

ਰਣਜੀਤ ਸਿੰਘ ਦੀ ਤੁਲਨਾ ਸੰਸਾਰ ਦੇ ਕਈ ਪ੍ਰਸਿੱਧ ਵਿਅਕਤੀਆਂ ਨਾਲ ਕੀਤੀ ਜਾਂਦੀ ਹੈ, ਜਿਵੇਂ ਅਸ਼ੋਕ, ਅਕਬਰ ਮਹਾਨ, ਬਿਸਮਾਰਕ, ਅਬਰਾਹੰਮ ਲਿੰਕਨ, ਹੈਦਰੀ ਅਲੀ ਅਤੇ ਸ਼ਿਵਾ ਜੀ ਇਤਿਆਦਿ। ਪਰ ਸੱਚ ਤਾਂ ਇਹ ਹੈ ਕਿ ਉਹ ਕਈ ਗੱਲਾਂ ਵਿਚ ਇਨ੍ਹਾਂ ਤੋਂ ਵੀ ਅੱਗੇ ਸੀ। ਉਹ ਪੰਜਾਬ ਦਾ ਹੀ ਨਹੀਂ, ਸਗੋਂ ਆਪਣੇ ਸਮੇਂ ਦੇ ਪੂਰੇ ਏਸ਼ੀਆ ਵਿਚ ਸਭ ਤੋਂ ਸ਼ਕਤੀਸ਼ਾਲੀ ਅਤੇ ਹਰਮਨ ਪਿਆਰਾ ਮਹਾਰਾਜਾ ਸੀ। ਦੋ ਸੌ ਸਾਲ ਹੋ ਗਏ ਹਨ ਪਰ ਲੋਕ ਅੱਜ ਵੀ ਮਹਾਰਾਜੇ ਦੇ ਉਪਕਾਰ ਯਾਦ ਕਰਦੇ ਹਨ :

**ਅਲਫ਼ ਏਸ ਪੰਜਾਬ ਦੇ ਦੇਸ਼ ਅੰਦਰ,**
**ਇਕ ਪਾਤਸ਼ਾਹ ਆਖ਼ਰੀਂ ਦਉਰ ਦਾ ਈ।**
**ਦੁੰਬ ਬਕਰੀ ਦੀ ਬਘਿਆੜ ਬੱਧਾ,**
**ਜਿਸ ਅਦਲ ਪਾਇਆ ਇਸ ਤੌਰ ਦਾ ਈ।**
**ਲਏ ਸਾਰ ਗਰੀਬ ਨਿਮਾਣਿਆਂ ਦੀ,**
**ਜਿੰਨ ਰਾਜ ਕੀਤਾ ਵੱਡੇ ਗੌਰ ਦਾ ਈ।**
**ਸਾਵਨਯਾਰ ਬੇਟਾ ਮਹਾਂ ਸਿੰਘ ਜਾਇਆ,**
**ਰਣਜੀਤ ਸਿੰਘ ਵਲੀ ਲਾਹੌਰ ਦਾ ਈ।** (ਸਾਵਨ ਯਾਰ)

ਭਾਈ ਕਾਹਨ ਸਿੰਘ ਬੰਗਾ ਨਿਵਾਸੀ ਤਾਂ ਆਪਣੀ ਰਚਨਾ 'ਜੰਗਨਾਮਾ ਲਾਹੌਰ' ਵਿਚ ਲਿਖਦਾ ਹੈ ਕਿ :

**ਨਾ ਭੂਲੇਗਾ ਜਬ ਤਕ ਜ਼ਮੀਂ-ਆਸਮਾਂ**
**ਐਸਾ ਬਾਦਸ਼ਾਹ ਫ਼ੈਜ਼ ਬਖ਼ਸ਼ੇ ਜਹਾਂ।**
**ਐਸਾ ਬਾਦਸ਼ਾਹ ਕਿਉਂ ਨਾ ਜੀਤਾ ਰਹਾ**
**ਸਤਿਜੁਗ ਕਲੂ ਬੀਚ ਬੀਤਾ ਰਹਾ। ।੬੭। ।**

ਮਹਾਰਾਜਾ ਰਣਜੀਤ ਸਿੰਘ ਭਾਰਤੀ ਇਤਿਹਾਸ ਦਾ ਮਾਣ ਅਤੇ ਪੰਜਾਬ ਦਾ ਗੌਰਵ ਸੀ।

ੴ ੴ ੴ

Ranjit Singh made a great and powerful nation from the disunited confederacies of the Sikhs and would have carried his conquests to Delhi or even further, had it not been for the stimulous rise and consolidation of the British Empire in India.

(Memoris of Alex Gardner 1898)

## ਖਾਲਸਾ ਰਾਜ ਦਾ ਥੰਮ੍ਹ

# ਜਰਨੈਲ ਹਰੀ ਸਿੰਘ ਨਲੂਆ

ਸ੍ਰ. ਹਰੀ ਸਿੰਘ ਨਲੂਆ 19ਵੀਂ ਸਦੀ ਦੀ ਪੰਜਾਬੀ ਵੀਰ ਪਰੰਪਰਾ ਦਾ ਇਕ ਅਦੁੱਤੀ ਨਾਇਕ ਹੈ ਜਿਸਨੇ ਖਾਲਸਾ ਰਾਜ ਦੀ ਸਥਾਪਤੀ ਅਤੇ ਵਿਸਥਾਰ ਵਿਚ ਸਭ ਤੋਂ ਵੱਧ ਯੋਗਦਾਨ ਪਾਇਆ। ਉਹ ਇਕ ਮਹਾਨ ਜਰਨੈਲ, ਸਫ਼ਲ ਪ੍ਰਬੰਧਕ ਅਤੇ ਪ੍ਰਭਾਵਸ਼ਾਲੀ ਸ਼ਖ਼ਸੀਅਤ ਦਾ ਮਾਲਕ ਸੀ। ਉਸ ਨੇ ਨਾ ਸਿਰਫ਼ ਸਿੱਖ ਰਾਜ ਦੀਆਂ ਨੀਹਾਂ ਨੂੰ ਹੀ ਮਜ਼ਬੂਤ ਕੀਤਾ ਸਗੋਂ ਇਸਦੇ ਵਿਕਾਸ ਅਤੇ ਪ੍ਰਫੁਲਤਾ ਲਈ ਬਹੁਪੱਖੀ ਯੋਗਦਾਨ ਪਾ ਕੇ ਪੰਜਾਬ ਨੂੰ ਇਕ ਸ਼ਕਤੀਸ਼ਾਲੀ ਰਾਜ ਵਿਚ ਪਰਿਵਰਤ ਕਰ ਦਿੱਤਾ। ਉਹ ਪੰਜਾਬ ਦੇ ਮਹਾਨ ਨਿਰਮਾਤਾਵਾਂ ਵਿਚੋਂ ਇਕ ਸੀ ਜਿਸ ਦੀ ਛਾਪ ਲੋਕ ਜੀਵਨ ਦੇ ਹਰ ਖੇਤਰ ਵਿਚ ਵੇਖੀ ਜਾ ਸਕਦੀ ਸੀ।

ਸ੍ਰ. ਹਰੀ ਸਿੰਘ ਨਲੂਆ ਦਾ ਜਨਮ ਅਪ੍ਰੈਲ ਸੰਨ 1791 ਵਿਚ ਗੁਜਰਾਂਵਾਲਾ (ਮੌਜੂਦਾ ਪਾਕਿਸਤਾਨ) ਦੇ ਸਥਾਨ ਤੇ ਸ੍ਰ. ਗੁਰਦਿਆਲ ਸਿੰਘ ਅਤੇ ਮਾਤਾ ਧਰਮ ਕੌਰ ਦੇ ਗ੍ਰਹਿ ਵਿਖੇ ਹੋਇਆ। ਸ੍ਰ. ਗੁਰਦਿਆਲ ਸਿੰਘ ਸ਼ੁਕਰਚਕੀਆ ਮਿਸਲ ਦੇ ਕੁਮੇਦਾਨ ਸਨ। ਇਨ੍ਹਾਂ ਦਾ ਪ੍ਰਵਾਰ ਮਜੀਠਾ (ਅੰਮ੍ਰਿਤਸਰ) ਤੋਂ ਆ ਕੇ ਗੁਜਰਾਂਵਾਲਾ ਵਿਚ ਆਬਾਦ ਹੋ ਗਿਆ ਸੀ। ਸ੍ਰ. ਹਰੀ ਸਿੰਘ ਦੇ ਦਾਦਾ ਸ੍ਰ. ਹਰਦਾਸ ਸਿੰਘ 1762 ਈਸਵੀ ਵਿਚ ਅਹਿਮਦਸ਼ਾਹ ਅਬਦਾਲੀ ਦੇ ਵਿਰੁੱਧ ਲੜਦੇ ਹੋਏ ਸ਼ਹੀਦ ਹੋਏ ਸਨ। ਹਰੀ ਸਿੰਘ ਦੇ ਪਿਤਾ ਸ੍ਰ. ਗੁਰਦਿਆਲ ਸਿੰਘ ਨੇ ਮਹਾਰਾਜਾ ਰਣਜੀਤ ਸਿੰਘ ਦੇ ਪਿਤਾ ਸ੍ਰ. ਮਹਾਂ ਸਿੰਘ ਅਤੇ ਦਾਦਾ ਸ੍ਰ. ਚੜ੍ਹਤ ਸਿੰਘ ਨਾਲ ਮਿਲ ਕੇ ਅਫਗਾਨਾਂ ਵਿਰੁੱਧ ਕਈ ਲੜਾਈਆਂ ਵਿਚ ਹਿੱਸਾ ਲਿਆ ਸੀ।

ਅਜੇ ਹਰੀ ਸਿੰਘ ਨਲੂਆ ਕੇਵਲ ਸੱਤ ਸਾਲ ਦਾ ਸੀ ਕਿ ਇਨ੍ਹਾਂ ਦੇ ਪਿਤਾ ਦਾ ਦੇਹਾਂਤ ਹੋ ਗਿਆ। ਇਨ੍ਹਾਂ ਦੀ ਮਾਤਾ ਆਪਣੇ ਪੁੱਤਰ ਹਰੀ ਸਿੰਘ ਨੂੰ ਨਾਲ ਲੈ ਕੇ ਆਪਣੇ ਭਰਾਵਾਂ ਕੋਲ ਆ ਗਈ। ਹਰੀ ਸਿੰਘ ਨਲੂਆ ਦਾ ਬਚਪਨ ਆਪਣੇ ਨਾਨਕੇ ਪ੍ਰਵਾਰ ਵਿਚ ਹੀ ਬੀਤਿਆ। ਇੱਥੇ ਰਹਿੰਦਿਆਂ ਉਸਨੇ ਪੰਜਾਬੀ, ਫ਼ਾਰਸੀ ਅਤੇ ਗੁਰਬਾਣੀ ਦੇ ਨਾਲ ਨਾਲ ਲੜਾਈ ਦੇ ਹੁਨਰ ਸਿਖੇ। ਜਦੋਂ ਹਰੀ ਸਿੰਘ 12 ਸਾਲ ਦਾ ਸੀ ਤਾਂ ਉਸਦੀ ਮਾਤਾ ਧਰਮ ਕੌਰ ਉਸਨੂੰ ਫੇਰ ਗੁਜਰਾਂਵਾਲਾ ਲੈ ਆਈ ਜਿੱਥੇ ਉਸਦੇ ਪਤੀ ਦਾ ਘਰ ਅਤੇ ਜ਼ਮੀਨ-ਜਾਇਦਾਦ ਸੀ।

ਪੰਜਾਬ ਵਿਚ ਰਣਜੀਤ ਸਿੰਘ ਦਾ ਰਾਜ ਕਾਇਮ ਹੋ ਚੁਕਾ ਸੀ। ਉਹ ਉਮਰ ਵਿਚ ਹਰੀ ਸਿੰਘ ਤੋਂ 11 ਸਾਲ ਵੱਡਾ ਸੀ। ਸੰਨ 1805 ਵਿਚ ਉਸ ਵੱਲੋਂ ਆਯੋਜਿਤ ਬਸੰਤੀ ਦਰਬਾਰ ਦੇ ਮੌਕੇ 'ਤੇ ਹਰੀ ਸਿੰਘ ਨੇ ਆਪਣੀ ਬਹਾਦਰੀ ਅਤੇ ਜੰਗੀ ਕਰਤਬ ਵਿਖਾ ਕੇ ਸਭ ਨੂੰ ਚਕ੍ਰਿਤ ਕਰ ਦਿੱਤਾ। ਉਹ ਭਰਵੇਂ ਸਰੀਰ ਅਤੇ ਸੁਹਣੀ ਡੀਲ ਡੌਲ ਵਾਲਾ ਨੌਜਵਾਨ ਸੀ। ਉਹ ਪਹਿਲੀ ਵਾਰ ਇਹੋ ਜਿਹੇ ਮੁਕਾਬਲਿਆਂ ਵਿਚ ਸ਼ਾਮਲ ਹੋਇਆ ਸੀ। ਉਹ ਹੁਣ ਤਕ ਘੁੜ-ਸਵਾਰੀ,

ਨੇਜਾ ਬਾਜ਼ੀ, ਤਲਵਾਰ ਜ਼ਨੀ ਅਤੇ ਬੰਦੂਕ ਆਦਿ ਚਲਾਉਣ ਵਿਚ ਕਮਾਲ ਦਾ ਨਿਸ਼ਾਨੇਬਾਜ਼ ਬਣ ਚੁੱਕਾ ਸੀ। ਰਣਜੀਤ ਸਿੰਘ ਨੇ ਉਸਦੀ ਯੋਗਿਤਾ ਨੂੰ ਵੇਖਦੇ ਹੋਏ ਉਸਨੂੰ ਆਪਣੀ ਖ਼ਾਸ ਫ਼ੌਜ ਵਿਚ ਭਰਤੀ ਕਰ ਲਿਆ। ਕੁਝ ਚਿਰ ਮਗਰੋਂ ਸ਼ਿਕਾਰ ਦੇ ਮੌਕੇ ਤੇ ਜਦੋਂ ਉਸਨੇ ਇਕ ਸ਼ੇਰ ਦਾ ਨਿਹੱਥੇ ਮੁਕਾਬਲਾ ਕਰਕੇ ਉਸਨੂੰ ਮਾਰ ਦਿੱਤਾ ਤਾਂ ਮਹਾਰਾਜੇ ਨੇ ਨਾ ਸਿਰਫ਼ ਉਸ ਨੂੰ 'ਨਲੂਵਾ' ਦਾ ਖ਼ਤਾਬ ਦੇ ਕੇ ਹੀ ਸਨਮਾਨਿਤ ਕੀਤਾ ਸਗੋਂ **'ਸ਼ੇਰ ਦਿਲ'** ਨਾਮ ਦੀ ਇਕ ਰੈਜਮੈਂਟ ਦਾ ਗਠਨ ਕਰਕੇ ਉਸਨੂੰ 800 ਘੁੜ-ਸਵਾਰਾਂ ਅਤੇ ਪਿਆਦਾ ਸੈਨਿਕਾਂ ਦਾ ਜਰਨੈਲ ਨਿਯੁਕਤ ਕਰ ਦਿੱਤਾ।

ਹਰੀ ਸਿੰਘ ਦੇ ਫ਼ੌਜੀ ਜੀਵਨ ਦਾ ਆਰੰਭ 1807 ਵਿਚ ਕਸੂਰ ਦੀ ਜਿੱਤ ਨਾਲ ਹੋਇਆ, ਜਿਸ ਵਿਚ ਉਸ ਦੁਆਰਾ ਵਿਖਾਈ ਬਹਾਦਰੀ ਅਤੇ ਜੰਗੀ ਚਾਲਾਂ ਅੱਗੇ ਉਥੋਂ ਦਾ ਹਾਕਮ ਕੁਤਬ-ਉ-ਦੀਨ ਕਸੂਰੀਆ ਘੁਟਨੇ ਟੇਕਣ ਤੇ ਮਜਬੂਰ ਹੋ ਗਿਆ ਸੀ। ਮਹਾਰਾਜੇ ਨੇ ਕਸੂਰ ਦੀ ਜਿੱਤ ਤੋਂ ਖੁਸ਼ ਹੋ ਕੇ ਹਰੀ ਸਿੰਘ ਨੂੰ ਤੀਹ ਹਜ਼ਾਰ ਰੁਪੈ ਸਲਾਨਾ ਦੀ ਆਮਦਨ ਵਾਲੀ ਜਗੀਰ ਇਨਾਮ ਵਿਚ ਦਿੱਤੀ। ਹੌਲੀ ਹੌਲੀ ਮਹਾਰਾਜੇ ਵੱਲੋਂ ਮਿਲੀਆਂ ਹੋਰ ਕਈ ਜਗੀਰਾਂ ਤੋਂ ਹੋਣ ਵਾਲੀ ਆਮਦਨੀ ਅੱਠ ਲੱਖ ਰੁਪਏ ਸਲਾਨਾ ਤਕ ਪਹੁੰਚ ਗਈ। ਕਸੂਰ ਦੀ ਜਿੱਤ ਮਗਰੋਂ ਹਰੀ ਸਿੰਘ ਦੀ ਗਣਨਾ ਪੰਜਾਬ ਦੇ ਖਾਸ ਜਰਨੈਲਾਂ ਵਿਚ ਕੀਤੀ ਜਾਣ ਲਗ ਪਈ।

1810 ਵਿਚ ਹਰੀ ਸਿੰਘ ਨੇ ਮੁਲਤਾਨ ਦੇ ਸ਼ਾਸਕ ਨਵਾਬ ਮੁਜ਼ਫ਼ਰ ਖਾਂ ਨੂੰ ਹਰਾਇਆ ਅਤੇ ਮਿੱਠਾ ਟਿਵਾਣਾ ਦੇ ਪੀਰਾਂ ਅਤੇ ਸੱਯਦਾਂ ਨੂੰ ਸੋਧ ਕੇ ਉੱਥੇ ਅਮਨ ਕਾਇਮ ਕੀਤਾ। 1813 ਵਿਚ ਉਸਨੇ ਅਟਕ ਦੇ ਦੋਸਤ ਮੁਹੰਮਦ ਨੂੰ ਹਰਾ ਕੇ ਆਪਣੀ ਫ਼ੌਜੀ ਸ਼ਕਤੀ ਦੀ ਧਾਂਕ ਦੂਰ ਦੂਰ ਤਕ ਫੈਲਾ ਦਿੱਤੀ। 1814 ਵਿਚ ਜਦੋਂ ਖ਼ਾਲਸਾ ਦਰਬਾਰ ਦੇ ਵੱਡੇ ਜਰਨੈਲ ਮੋਹਕਮ ਚੰਦ ਦੀ ਮੌਤ ਹੋਈ ਤਾਂ ਸ੍ਰ. ਹਰੀ ਸਿੰਘ ਨਲੂਆ ਨੂੰ ਖ਼ਾਲਸਾ ਫ਼ੌਜਾਂ ਦਾ ਕਮਾਂਡਰ ਇਨ ਚੀਫ਼ ਬਣਾ ਦਿੱਤਾ ਗਿਆ। ਮਹਾਰਾਜਾ ਉਸ ਦੀ ਦਲੇਰੀ ਅਤੇ ਖ਼ਾਲਸਾ ਰਾਜ ਪ੍ਰਤੀ ਨਿਸ਼ਟਾ ਅਤੇ ਵਫ਼ਾਦਾਰੀ ਤੋਂ ਬੇਹਦ ਪ੍ਰਸੰਨ ਸੀ। ਉਹ ਸਿੱਖ ਰਾਜ ਦਾ ਵੱਡਾ ਹਿਤੈਸ਼ੀ ਅਤੇ ਲੜਾਈ ਦੇ ਮੈਦਾਨ ਵਿਚ ਲਾਸਾਨੀ ਯੋਧਾ ਸੀ। 1818 ਵਿਚ ਮੁਲਤਾਨ, 1819 ਵਿੱਚ ਕਸ਼ਮੀਰ ਅਤੇ 1834 ਵਿਚ ਪਿਸ਼ਾਵਰ ਦੀ ਜਿੱਤ ਉਸਦੀਆਂ ਮਹੱਤਵ ਪੂਰਨ ਪ੍ਰਾਪਤੀਆਂ ਸਨ। ਮੁਲਤਾਨ ਦੀ ਲੜਾਈ ਵਿਚ ਨਿਹੰਗ ਸਾਧੂ ਸਿੰਘ ਅਤੇ ਅਕਾਲੀ ਫੂਲਾ ਸਿੰਘ ਨੇ ਵੀ ਬਹਾਦਰੀ ਦੇ ਅਦੁੱਤੀ ਜੋਹਰ ਵਿਖਾਏ ਸਨ।

1819 ਵਿਚ ਕਸ਼ਮੀਰ ਨੂੰ ਖ਼ਾਲਸਾ ਰਾਜ ਵਿਚ ਮਿਲਾਏ ਜਾਣ ਮਗਰੋਂ ਮਹਾਰਾਜਾ ਰਣਜੀਤ ਸਿੰਘ ਨੇ 25 ਅਗਸਤ 1820 ਨੂੰ ਹਰੀ ਸਿੰਘ ਨਲੂਆ ਨੂੰ ਉਥੋਂ ਦਾ ਗਵਰਨਰ ਨਿਯੁਕਤ ਕੀਤਾ। ਲੰਮੇ ਸਮੇਂ ਤੋਂ ਕਸ਼ਮੀਰ ਵਿਚ ਹਿੰਦੂਆਂ ਤੇ ਜ਼ੁਲਮ ਹੁੰਦੇ ਚਲੇ ਆ ਰਹੇ ਸਨ। ਬੇਗ਼ਾਰੀ ਮਜ਼ਦੂਰੀ ਜ਼ੋਰਾਂ ਤੇ ਸੀ। ਕਾਗ਼ਜ਼, ਕੇਸਰ ਤੇ ਸ਼ਾਲਾਂ ਦਾ ਉਦਯੋਗ ਲਗਭਗ ਖ਼ਤਮ ਹੋ ਚੁਕਾ ਸੀ। ਹਰ ਪਾਸੇ ਬਦਅਮਨੀ ਅਤੇ ਅਸੁਰੱਖਿਆ ਦਾ ਦੌਰ ਜਾਰੀ ਸੀ। ਹਰੀ ਸਿੰਘ ਨਲੂਆ ਨੇ ਆਪਣੇ ਸ਼ਾਸਕੀ ਪ੍ਰਬੰਧ ਦੁਆਰਾ ਉਥੋਂ ਦੇ ਲੋਕਾਂ ਨੂੰ ਅਜੇਹਾ ਸੁਚੱਜਾ ਨਿਜ਼ਾਮ ਦਿੱਤਾ ਕਿ ਮਹਾਰਜੇ ਨੇ ਖੁਸ਼ ਹੋ ਕੇ ਸ੍ਰ. ਹਰੀ ਸਿੰਘ ਨੂੰ ਆਪਣੇ ਨਾਮ ਦਾ ਸਿੱਕਾ ਜਾਰੀ ਕਰਨ ਦਾ ਅਧਿਕਾਰ ਦੇ ਦਿੱਤਾ।

ਸ੍ਰ. ਹਰੀ ਸਿੰਘ ਦੇ ਨਾਮ ਤੇ ਜਾਰੀ ਕੀਤਾ ਗਿਆ ਸਿੱਕਾ 1890 ਤਕ ਕਸ਼ਮੀਰ ਵਿਚ ਚਲਦਾ ਰਿਹਾ। ਇਸ ਸਬੰਧ ਵਿਚ ਕੇ. ਕੇ. ਖੁੱਲਰ, 'ਮਹਾਰਾਜਾ ਰਣਜੀਤ ਸਿੰਘ' ਵਿਚ ਲਿਖਦਾ ਹੈ :

His administration of Kashmir will be long remembered in that he carried out a series of social reforms in the valley. He discontinued the system of forced labour which was prevalent in the valley for the last nine hundred years. The Hindus of Kashmir who were denied the use of shoes, turbans or caps were allowed the use of these articles. Grazing tax was reduced and shawl industry was re-organised. The cultivation of saffron was developed. Tora tax on births, marriages and deaths was abolished and Kashmir's paper industry was revived. His coin known as 'Hari Singhee' was in use in Kashmir till 1890.

1827 ਤੋਂ ਲੈ ਕੇ 1831 ਤਕ ਅਫਗਾਨਾਂ ਅਤੇ ਸੱਯਦਾਂ ਵਿਰੁੱਧ ਲੜੀਆਂ ਗਈਆਂ ਲੜਾਈਆਂ ਵਿਚ ਉਸਨੇ ਉੱਤਰ ਪੱਛਮੀ ਸੀਮਾਵਾਂ ਵੱਲੋਂ ਆਉਣ ਵਾਲੇ ਜਰਵਾਣਿਆਂ ਨੂੰ ਅਜੇਹੀ ਕਰਾਰੀ ਹਾਰ ਦਿੱਤੀ ਕਿ ਉਹ ਸ੍ਰ. ਹਰੀ ਸਿੰਘ ਨਲੂਆ ਦੇ ਨਾਮ ਤੋਂ ਥਰ ਥਰ ਕੰਬਣ ਲਗ ਪਏ। ਸ੍ਰ. ਹਰੀ ਸਿੰਘ ਨਲੂਆ ਦੀ ਸਿਫ਼ਤ ਕਰਦਾ ਕਵੀ ਕਾਦਰ ਯਾਰ ਲਿਖਦਾ ਹੈ :

**ਧਨੀ ਤੇਗ਼ ਦਾ ਮਰਦ ਨਸੀਬ ਵਾਲਾ,**
**ਸਾਯਾ ਉਸਦਾ ਕੁਲ ਸੰਸਾਰ ਤਾਈਂ।**
**ਕਾਦਰ ਯਾਰ ਪਹਾੜਾਂ ਨੂੰ ਸੋਧਿਓ ਸੁ,**
**ਕਾਬਲ ਕੰਬਿਆ ਖ਼ੌਫ ਕੰਧਾਰ ਤਾਂਈ।**

**(ਵਾਰ ਸ੍ਰ. ਹਰੀ ਸਿੰਘ ਨਲੂਆ)**

ਮਾਂਗਲੀ, ਮੁੰਘੇਰ ਅਤੇ ਡੇਰਾ ਗ਼ਾਜ਼ੀ ਖਾਂ ਇਤਿਆਦਿ ਸਰਹੱਦੀ ਇਲਾਕਿਆਂ ਦੀ ਜਿੱਤ ਮਗਰੋਂ ਸ੍ਰ. ਹਰੀ ਸਿੰਘ ਨਲੂਆ ਨੂੰ ਹਜ਼ਾਰੇ ਦਾ ਗਵਰਨਰ ਨਿਯੁਕਤ ਕੀਤਾ ਗਿਆ। ਉਸ ਇਲਾਕੇ ਵਿਚ ਸ੍ਰ. ਹਰੀ ਸਿੰਘ ਦੇ ਨਾਮ ਦੀ ਐਸੀ ਦਹਿਸ਼ਤ ਸੀ ਕਿ ਅਫਗਾਨ ਮਾਵਾਂ ਆਪਣੇ ਰੋਂਦੇ ਬੱਚਿਆਂ ਨੂੰ ਚੁੱਪ ਕਰਾਉਣ ਲਈ ਕਿਹਾ ਕਰਦੀਆਂ ਸਨ, 'ਚੁੱਪ ਕਰ ਨਹੀਂ ਤੇ ਹਰੀਆ ਰਾਂਗਲੇ' ਭਾਵ ਹਰੀ ਸਿੰਘ ਆ ਜਾਵੇਗਾ। ਇਕ ਵਾਰ ਫਿਰ ਮਹਾਰਾਜਾ ਰਣਜੀਤ ਸਿੰਘ ਨੇ ਹਰੀ ਸਿੰਘ ਨਲੂਆ ਨੂੰ ਆਪਣੇ ਦਾ ਨਾਮ ਦਾ ਸਿੱਕਾ ਜਾਰੀ ਕਰਨ ਦਾ ਅਧਿਕਾਰ ਦੇ ਕੇ ਉਸਦੀ ਵਡਿਆਈ ਵਿਚ ਚਾਰ ਚੰਨ ਲਗਾ ਦਿੱਤੇ।

ਮਹਿਮੂਦ ਗ਼ਜ਼ਨਵੀ ਤੋਂ ਲੈ ਕੇ ਅਹਿਮਦਸ਼ਾਹ ਅਬਦਾਲੀ ਤਕ ਦੱਰਾ ਖ਼ੈਬਰ ਅਤੇ ਉੱਤਰ-

ਪੱਛਮੀ ਸੀਮਾਵਾਂ ਦੇ ਹੋਰ ਪਹਾੜੀ ਰਸਤੇ ਹਿੰਦੁਸਤਾਨ ਵਿਚ ਪ੍ਰਵੇਸ਼ ਕਰਨ ਵਾਲਿਆਂ ਲਈ ਸਵੱਰਗ ਦੁਆਰ ਬਣੇ ਹੋਏ ਸਨ। ਪਰ 1834 ਵਿਚ ਪਿਸ਼ਾਵਰ ਦੀ ਜਿੱਤ ਮਗਰੋਂ ਹਰੀ ਸਿੰਘ ਨਲੂਆ ਨੇ ਇਸ ਇਲਾਕੇ ਵਿਚ ਕਿਲ੍ਹਿਆਂ ਦਾ ਅਜੇਹਾ ਜਾਲ ਵਿਛਾਇਆ ਕਿ ਭਵਿੱਖ ਵਿਚ ਹੋਣ ਵਾਲੇ ਅਫਗਾਨ ਹਮਲਿਆਂ ਉਤੇ ਪੂਰੀ ਰੋਕ ਲੱਗ ਗਈ। ਐਨਸਾਈਕਲੋਪੀਡੀਆ ਆਫ਼ ਸਿੱਖਇਜ਼ਮ ਅਨੁਸਾਰ :

In 1834, Hari Singh finally took Peshawar and annexed it to the Sikh dominions. Two years later, he built a fort at Jamrud at the mouth of the Khaiber Pass and sealed it once for all for invaders from the northwest. (Vol.II, P.252)

ਜਮਰੋਦ ਦੇ ਨਾਲ ਨਾਲ ਉਸਨੇ ਹਰੀ ਪੁਰ, ਸਮਤੋਰ, ਨਵਾਂ ਸ਼ਹਿਰ, ਮਨਸ਼ਰਾ, ਸ਼ਿੰਕਿਆਰੀ, ਦਰਬੰਦ ਆਦਿ ਥਾਵਾਂ ਤੇ ਕਿਲ੍ਹੇ ਅਤੇ ਸੜਕਾਂ ਦਾ ਨਿਰਮਾਣ ਕਰਵਾ ਕੇ ਇਨ੍ਹਾਂ ਥਾਵਾਂ ਤੇ ਫ਼ੌਜੀ ਟੁਕੜੀਆਂ ਨੂੰ ਤੈਨਾਤ ਕਰ ਦਿੱਤਾ ਤਾਂ ਕਿ ਈਰਾਨ ਅਤੇ ਅਫ਼ਗਾਨਿਸਤਾਨ ਵੱਲੋਂ ਦਾਖ਼ਲ ਹੋਣ ਵਾਲੇ ਧਾੜਵੀ ਪੰਜਾਬ ਦੀ ਧਰਤੀ ਉਪਰ ਪੈਰ ਰੱਖਣ ਦਾ ਹੌਂਸਲਾ ਨਾ ਕਰ ਸਕਣ। ਡਾ. ਗੁਰਬਚਨ ਸਿੰਘ The Campaigns of General Hari Singh Nalwa ਵਿਚ ਲਿਖਦਾ ਹੈ ਕਿ 'The sealing of the North Western Frontier Border was a unique act having international legacy.' (Preface)

ਉਸਨੇ ਆਪਣੇ ਜੀਵਨ ਦੀ ਆਖ਼ਰੀ ਲੜਾਈ ਅਪ੍ਰੈਲ 1837 ਵਿਚ ਜਮਰੌਦ ਦੇ ਸਥਾਨ ਤੇ ਦੋਸਤ ਮੁਹੰਮਦ ਖਾਂ, ਸ਼ਮਸ-ਉ-ਦੀਨ ਖਾਂ ਅਤੇ ਅਕਬਰ ਖਾਂ ਅਫਗਾਨ ਦੇ ਵਿਰੁੱਧ ਲੜੀ। ਇਸ ਲੜਾਈ ਵਿਚ ਕਿਸੇ ਲੁਕਵੀਂ ਥਾਂ ਤੋਂ ਅਫਗਾਨ ਸੈਨਿਕਾਂ ਦੁਆਰਾ ਚਲਾਈਆਂ ਗਈਆਂ ਗੋਲੀਆਂ ਨਾਲ ਉਹ ਬੁਰੀ ਤਰ੍ਹਾਂ ਘਾਇਲ ਹੋ ਗਿਆ। ਉਸਦੀ ਛਾਤੀ ਉਪਰ ਖੰਜਰ ਦੇ ਵੀ ਦੋ ਗਹਿਰੇ ਘਾਓ ਸਨ। ਸਮੇਂ ਸਿਰ ਮਰ੍ਹਮ ਪੱਟੀ ਨਾ ਹੋਣ ਕਰਕੇ ਅਤੇ ਸਰੀਰ ਵਿਚੋਂ ਬਹੁਤ ਖ਼ੂਨ ਵਗ ਜਾਣ ਕਾਰਨ ਪੰਜਾਬ ਦਾ ਇਹ ਸੂਰਬੀਰ ਜਰਨੈਲ 30 ਅਪ੍ਰੈਲ 1837 ਨੂੰ ਸ਼ਹੀਦੀ ਪਾ ਗਿਆ। ਜਮਰੋਦ ਦੇ ਕਿਲ੍ਹੇ ਵਿਚ ਜਿਸ ਥਾਂ ਤੇ ਸ੍ਰ. ਹਰੀ ਸਿੰਘ ਨਲੂਆ ਦਾ ਸਸਕਾਰ ਕੀਤਾ ਗਿਆ, ਉੱਥੇ ਇਕ ਯਾਦਗਾਰ ਕਾਇਮ ਕੀਤੀ ਗਈ ਜਿਸਨੂੰ 1902 ਵਿਚ ਪਿਸ਼ਾਵਰ ਦੇ ਗੱਜਨ ਮੱਲ ਕਪੂਰ ਨੇ ਆਪਣੇ ਖਰਚ ਤੇ ਪਕਿਆਂ ਕਰਵਾ ਦਿੱਤਾ।

With his death passed away a great stalwart in Sikh history, and one of the ablest generals of the Sikh Government who had contributed much to the extension and consolidation of Ranjit Singh's empire. (Biramjit Hasrat, Life and Times of Ranjit Singh, P. 134)

ਕਾਦਰ ਯਾਰ ਲਿਖਦਾ ਹੈ :

**ਅਲਫ-ਆਫਰੀਂ ਜੰਮਣਾ ਕਹਿਣ ਸਾਰੇ,**
**ਹਰੀ ਸਿੰਘ ਦੂਲੇ ਸਰਦਾਰ ਤਾਈਂ।**

ਜਦੋਂ ਮਹਾਰਾਜਾ ਰਣਜੀਤ ਸਿੰਘ ਨੂੰ ਸ੍ਰ. ਹਰੀ ਸਿੰਘ ਨਲੂਆ ਦੀ ਸ਼ਹੀਦੀ ਦੀ ਖ਼ਬਰ ਮਿਲੀ ਤਾਂ ਉਸਦੀਆਂ ਅੱਖਾਂ ਭਰ ਆਈਆਂ। ਉਸਨੇ ਬੜੇ ਵੈਰਾਗ ਵਿਚ ਆ ਕੇ ਕਿਹਾ, 'ਅੱਜ ਖ਼ਾਲਸਾ ਰਾਜ ਦਾ ਸਭ ਤੋਂ ਮਜ਼ਬੂਤ ਥੰਮ੍ਹ ਗਿਰ ਗਿਆ ਹੈ।' ਉਹ ਹਰੀ ਸਿੰਘ ਨਲੂਆ ਨੂੰ ਖ਼ਾਲਸਾ ਦਰਬਾਰ ਦਾ ਸਭ ਤੋਂ ਵੱਧ ਵਫ਼ਾਦਾਰ ਅਤੇ 'ਨਮਕ ਹਲਾਲ' ਜਰਨੈਲ ਕਿਹਾ ਕਰਦਾ ਸੀ। ਪੰਜਾਬ ਦੇ ਪ੍ਰਸਿੱਧ ਸ਼ਾਇਰ ਕਾਦਰ ਯਾਰ ਨੇ 'ਸੀਹਰਫੀਆਂ ਹਰੀ ਸਿੰਘ ਨਲੂਆ' ਵਿਚ ਲਿਖਿਆ ਹੈ:

**ਰਣਜੀਤ ਸਿੰਘ ਸਰਕਾਰ ਦੇ ਅਫ਼ਸਰਾਂ ਨੂੰ**
**ਡਿੱਠਾ ਨਜ਼ਰ ਮੈਂ ਪਾਕੇ ਸਾਰਿਆਂ ਵਿੱਚ।**
**ਕਾਦਰਯਾਰ ਬਹਾਦਰਾਂ ਵਿੱਚ ਚਮੰਕੇ**
**ਹਰੀ ਸਿੰਘ ਜਿਉਂ ਚੰਨ ਸਤਾਰਿਆਂ ਵਿੱਚ।**

ਸ੍ਰ. ਹਰੀ ਸਿੰਘ ਨਲੂਆ ਬੜਾ ਖ਼ੂਬਸੂਰਤ, ਗੋਰਾ ਚਿੱਟਾ ਅਤੇ ਰੋਹਬ ਦਾਅਬ ਵਾਲਾ ਜਰਨੈਲ ਸੀ। ਉਸਦਾ ਕੱਦ ਉੱਚਾ ਅਤੇ ਨੈਣ ਨਕਸ਼ ਤਿੱਖੇ ਸਨ। ਸਰੀਰਕ ਤੌਰ ਤੇ ਉਹ ਬੜਾ ਚੁਸਤ ਅਤੇ ਫੁਰਤੀਲਾ ਸੀ। ਸ਼ਸਤਰ-ਅਸਤਰ ਵਿਚ ਨਿਪੁੰਨ ਉਹ ਇਲਮ ਅਤੇ ਹੁਨਰ ਦਾ ਮਾਹਿਰ ਸੀ। ਆਚਾਰ ਐਤ ਵਿਹਾਰ ਦਾ ਸਾਫ ਸੁਥਰਾ, ਉਹ ਸਦਾਚਾਰਕ ਤੌਰ ਤੇ ਬੜਾ ਉੱਚਾ ਅਤੇ ਬੇਦਾਗ਼ ਚਰਿੱਤਰ ਦਾ ਮਾਲਕ ਸੀ। ਉਹ ਵਿਦਵਾਨਾਂ ਅਤੇ ਕਲਾਕਾਰਾਂ ਦਾ ਬੜਾ ਆਦਰ ਕਰਿਆ ਕਰਦਾ ਸੀ। ਉਸਦੇ ਦਾਨ ਪੁੰਨ ਦੀਆਂ ਗੱਲਾਂ ਦੂਰ ਦੂਰ ਤਕ ਪ੍ਰਸਿੱਧ ਸਨ। ਸਹਾਈ ਸਿੰਘ ਨੇ 'ਵਾਰ ਹਰੀ ਸਿੰਘ ਕੀ' ਵਿਚ ਲਿਖਿਆ ਹੈ :

**ਸਤਿਜੁਗ ਵਿਚ ਰਾਜਾ ਕਰਨ ਹੋਇਆ,**
**ਤੇਹਾ ਪੁੰਨ ਹਰੀ ਸਿੰਘ ਹੁਣ ਕਰਦਾ।**
**ਐਡਾ ਪੁੰਨੀ ਤੇ ਦਾਨੀ ਨਾ ਹੋਰ ਕੋਈ,**
**ਜਿਸ ਦਾ ਨਾਉਂ ਸੁਣ ਕੇ ਜਸ ਲੋਕ ਕਰਦਾ।**

ਦਾਨ ਦੇਣ ਦੇ ਮਾਮਲੇ ਵਿਚ ਕੇ. ਕੇ. ਖੁੱਲਰ ਉਸਦੀ ਤੁਲਨਾ ਰਾਜਾ ਨੱਲ ਨਾਲ ਕਰਦਾ ਲਿਖਦਾ ਹੈ ਕਿ 'He used to give alms on such a large scale that people compared him with Raja Nal...... A truely secular mind he gave liberal grants to the learned Muslim saints and Sufis. (Maharaja Ranjit Singh, P. 226).

ਆਪਣੇ ਧਰਮ ਅਤੇ ਨਿਤਨੇਮ ਵਿਚ ਪਰਪਕ ਹੋਣ ਦੇ ਬਾਵਜੂਦ ਉਹ ਦੂਜੇ ਧਰਮਾਂ ਪ੍ਰਤੀ

ਬੜਾ ਉਦਾਰ ਅਤੇ ਸਹਿਣਸ਼ੀਲ ਸੀ। ਜਿਥੇ ਉਸਨੇ ਅਕਾਲ ਤਖ਼ਤ ਸਾਹਿਬ, ਪੰਜਾ ਸਾਹਿਬ ਅਤੇ ਮੁਕਤਸਰ ਆਦਿ ਇਤਿਹਾਸਕ ਗੁਰਦੁਆਰਿਆਂ ਦੀ ਸੇਵਾ ਕਰਵਾਈ ਸੀ ਉਥੇ ਉਸਨੇ ਮੰਦਰ ਗਣੇਸ਼ ਗਿਰਿ ਅਤੇ ਗੁਜਰਾਂਵਾਲੇ ਦੀ ਮਸੀਤ ਤੇਲੀਆਂ ਦੇ ਮਹੱਲੇ ਲਈ ਵੀ ਦਿਲ ਖੋਲ੍ਹ ਕੇ ਦਾਨ ਦਿੱਤਾ ਸੀ। ਵਿਦੇਸ਼ੀ ਸੈਲਾਨੀਆਂ ਨੇ ਉਸ ਦੁਆਰਾ ਨਿਰਮਿਤ ਭਵਨਾਂ ਅਤੇ ਉਸਦੀ ਵਿਦਵਤਾ ਦੀ ਬੜੀ ਸ਼ਲਾਘਾ ਕੀਤੀ ਹੈ। ਉਹ ਏਸ਼ੀਆ ਅਤੇ ਯੂਰਪ ਦੀ ਰਾਜਨੀਤੀ ਤੋਂ ਵੀ ਚੰਗੀ ਤਰ੍ਹਾਂ ਵਾਕਫ਼ ਸੀ। ਉਹ ਪੰਜਾਬੀ, ਫ਼ਾਰਸੀ ਅਤੇ ਪਸ਼ਤੋ ਵਿਚ ਬੜੀ ਚੰਗੀ ਤਰ੍ਹਾਂ ਨਾਲ ਗੱਲਬਾਤ ਕਰ ਸਕਦਾ ਸੀ। ਉਸਦੀ ਨਿੱਜੀ ਲਾਇਬਰੇਰੀ ਵਿਚ ਅਨੇਕ ਦੁਰਲੱਭ ਪੁਸਤਕਾਂ ਅਤੇ ਹੱਥ ਲਿਖਿਤ ਪਾਂਡੂ ਲਿਪਿਆਂ ਉਪਲੱਬਧ ਸਨ ਜੋ ਉਸਦੇ ਵਿੱਦਿਆ ਅਤੇ ਕਲਾ ਪ੍ਰਤੀ ਸ਼ੌਕ ਨੂੰ ਉਜਾਗਰ ਕਰਦੀਆਂ ਹਨ। ਇਸੇ ਸਬੰਧ ਵਿਚ ਕੇ. ਕੇ. ਖੁੱਲਰ ਲਿਖਦਾ ਹੈ - He could converse in Persian, Punjabi and Pushto. He was a scholar of Persian and had a huge library of rare manuscripts. During the Simla Mission in 1831, the Governor General was deeply impressed with the knowledge of Nalwa on political affairs. ਉਸਨੂੰ ਭਵਨਕਲਾ ਅਤੇ ਚਿੱਤਰਕਲਾ ਨਾਲ ਵੀ ਬੜਾ ਲਗਾਉ ਸੀ।

ਲਾਹੌਰ ਦਰਬਾਰ ਵੱਲੋਂ ਮਿਲੀਆਂ ਵੱਡੀਆਂ ਜਗੀਰਾਂ ਅਤੇ ਉਪਾਧੀਆਂ ਦੇ ਬਾਵਜੂਦ ਉਹ ਬੜਾ ਨਿਰਮਾਣ ਅਤੇ ਗਰੀਬ-ਨਵਾਜ਼ ਸੀ। ਉਹ ਤਿਆਗ, ਬੀਰਤਾ ਅਤੇ ਕੁਰਬਾਨੀ ਦਾ ਮੁਜੱਸਮਾ ਸੀ, ਜਿਸ ਦੀਆਂ ਦੇਸ਼ ਪ੍ਰਤੀ ਕੀਤੀਆਂ ਸੇਵਾਵਾਂ ਨੂੰ ਕਦੇ ਵੀ ਭੁਲਾਇਆ ਨਹੀਂ ਜਾ ਸਕਦਾ। ਅਜੇਹੇ ਸੂਰਬੀਰ ਯੋਧੇ ਸਦੀਆਂ ਵਿਚ ਕਦੇ ਕਦੇ ਹੀ ਜਨਮ ਲਿਆ ਕਰਦੇ ਹਨ। ਗੁਰਮੁਖ ਸਿੰਘ ਨੇ 'ਜੰਗਨਾਮਾ ਹਰੀ ਸਿੰਘ ਕਾ' ਵਿਚ ਲਿਖਿਆ ਹੈ :

**ਯੇ-ਯੁਗ ਯੁਗੋਂ ਵਡੇ ਭੂਪ ਹੋਏ,**
**ਏ ਹਰੀ ਸਿੰਘ ਜੇਹਾ ਨਹੀਂ ਕੋਇ ਭਯਾ।**
**ਬੜੇ ਪੁੰਨ ਤੇ ਧਨ ਔ ਧਰਮ ਪੂਰੇ,**
**ਜਗ ਵਿਚ ਐਸਾ ਨਹੀਂ (ਕੋਈ) ਹੋਇ ਭਯਾ।**

ਉਹ ਖ਼ਾਲਸਾ ਰਾਜ ਦਾ ਇਕ ਚਮਕਦਾ ਸਿਤਾਰਾ, ਅਤੇ ਪੰਜਾਬੀ ਵੀਰ ਪਰੰਪਰਾ ਦਾ ਇਕ ਅਦੁੱਤੀ ਨਾਇਕ ਸੀ।

ੴ ੴ ੴ

ਖ਼ਾਲਸਾ ਰਾਜ ਦਾ ਰਾਖਾ

# ਅਕਾਲੀ ਫੂਲਾ ਸਿੰਘ

ਅਕਾਲੀ ਫੂਲਾ ਸਿੰਘ ਸਿੱਖ ਇਤਿਹਾਸ ਦੀਆਂ ਉਨ੍ਹਾਂ ਮਹਾਨ ਸ਼ਖ਼ਸੀਅਤਾਂ ਵਿਚੋਂ ਇਕ ਹਨ, ਜਿਨ੍ਹਾਂ ਨੇ ਆਪਣੇ ਸਿੱਖੀ ਜੀਵਨ, ਸਦਾਚਾਰਕ ਉੱਚਤਾ ਅਤੇ ਲਾਸਾਨੀ ਕੁਰਬਾਨੀਆਂ ਦੁਆਰਾ ਇਤਿਹਾਸ ਦੇ ਪੰਨਿਆਂ ਤੇ ਅਜੇਹੀ ਗਹਿਰੀ ਛਾਪ ਛੱਡੀ ਹੈ ਕਿ ਕੌਮ ਸਦਾ ਉਨ੍ਹਾਂ ਦੁਆਰਾ ਪਾਈਆਂ ਪੈੜਾਂ ਤੋਂ ਰੋਸ਼ਨੀ ਅਤੇ ਅਗਵਾਈ ਲੈਂਦੀ ਰਹੇਗੀ। ਉਨ੍ਹੀਂਵੀਂ ਸਦੀ ਦੀ ਪਹਿਲੀ ਚੌਥਾਈ ਵਿੱਚ ਖ਼ਾਲਸਾ ਰਾਜ ਨੂੰ ਸਥਾਪਤ ਕਰਨ ਅਤੇ ਉਸਦੇ ਵਿਸਥਾਰ ਵਿੱਚ ਉਨ੍ਹਾਂ ਦਾ ਬੜ ਵੱਡਾ ਯੋਗਦਾਨ ਸੀ। ਉਹ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਦੇ ਮਹਾਨ ਜਰਨੈਲਾਂ ਵਿਚੋਂ ਸਨ, ਜਿਨ੍ਹਾਂ ਨੇ ਕਸੂਰ (1807), ਮੁਲਤਾਨ (1818) ਅਤੇ ਕਸ਼ਮੀਰ (1819) ਵਰਗੇ ਸ਼ਕਤੀਸ਼ਾਲੀ ਅਫ਼ਗਾਨ ਪ੍ਰਾਂਤਾਂ ਨੂੰ ਜਿੱਤ ਕੇ ਖ਼ਾਲਸੇ ਦੀ ਤਾਕਤ ਨੂੰ ਦੂਰ ਦੂਰ ਤਕ ਸਥਾਪਿਤ ਕਰ ਦਿੱਤਾ ਸੀ। ਮਹਾਰਾਜਾ ਰਣਜੀਤ ਸਿੰਘ ਜੀ ਉਨ੍ਹਾਂ ਨੂੰ **'ਖ਼ਾਲਸਾ ਰਾਜ ਦਾ ਰਾਖਾ'** ਕਰਕੇ ਸਨਮਾਨਦੇ ਅਤੇ ਸਤਿਕਾਰਦੇ ਸਨ। **ਇਸ ਲੇਖ ਵਿਚ ਕੇਵਲ ਅਕਾਲੀ ਫੂਲਾ ਸਿੰਘ ਦੀ ਜੀਵਨ ਦੀ ਆਖ਼ਰੀ ਲੜਾਈ 'ਨੌਸ਼ਹਿਰੇ ਦੀ ਜੰਗ' ਅਤੇ ਉਨ੍ਹਾਂ ਦੀ ਸ਼ਹੀਦੀ ਦੀ ਹੀ ਚਰਚਾ ਕੀਤੀ ਗਈ ਹੈ। ਉਨ੍ਹਾਂ ਦੇ ਜੀਵਨ ਦੀਆਂ ਹੋਰ ਘਟਨਾਵਾਂ ਦੇ ਵੇਰਵੇ ਦਰਜ ਨਹੀਂ।**

**ਪਿਸ਼ਾਵਰ ਨੂੰ ਜਿੱਤਣਾ :** ਪਿਸ਼ਾਵਰ ਨੂੰ ਹਿੰਦੁਸਤਾਨ ਦਾ ਪ੍ਰਵੇਸ਼ ਦੁਆਰ ਸਮਝਿਆ ਜਾਂਦਾ ਹੈ। ਈਰਾਨ, ਕਾਬਲ, ਕੰਧਾਰ ਅਤੇ ਗਜ਼ਨੀ ਵੱਲੋਂ ਆਉਣ ਵਾਲੇ ਹਮਲਾਵਰ ਇਸੇ ਬੂਹੇ ਥਾਣੀ ਪੰਜਾਬ ਵਿਚ ਦਾਖ਼ਲ ਹੁੰਦੇ ਰਹੇ ਹਨ। ਕੇਂਦਰੀ ਪੰਜਾਬ ਨੂੰ ਜਿੱਤਣ ਤੋਂ ਬਾਅਦ ਮਹਾਰਾਜਾ ਰਣਜੀਤ ਸਿੰਘ ਨੇ ਇਹ ਅਨੁਭਵ ਕਰ ਲਿਆ ਸੀ ਕਿ ਜਦ ਤਕ ਉਹ ਪਿਸ਼ਾਵਰ ਨੂੰ ਆਪਣੇ ਅਧੀਨ ਨਹੀਂ ਕਰ ਲੈਂਦਾ ਉਦੋਂ ਤਕ ਉੱਤਰ ਪਛੱਮੀ ਸਰਹੱਦ ਉਪਰ ਅਮਨ ਕ਼ਾਇਮ ਕਰਨਾ ਸੰਭਵ ਨਹੀਂ।

1818 ਈਸਵੀ ਵਿਚ ਕਾਬਲ ਦੇ ਵਜ਼ੀਰ ਫ਼ਤਿਹ ਖਾਂ ਨੂੰ ਕਤਲ ਕਰ ਦਿੱਤਾ ਗਿਆ। ਉਸਦੇ ਕਤਲ ਹੋ ਜਾਣ ਮਗਰੋਂ ਅਫ਼ਗਾਨਿਸਤਾਨ ਵਿਚ ਬਦਅਮਨੀ ਫ਼ੈਲ ਗਈ। ਅਜ਼ੀਮ ਖਾਂ ਜੋ ਕਿ ਕਸ਼ਮੀਰ ਦਾ ਗਵਰਨਰ ਸੀ ਆਪਣੇ ਭਰਾ ਫ਼ਤਿਹ ਖਾਂ ਦੀ ਥਾਂ ਲੈਣ ਲਈ ਕਾਬਲ ਲਈ ਚਲ ਪਿਆ। ਕਸ਼ਮੀਰ ਤੋਂ ਚਲਣ ਤੋਂ ਪਹਿਲਾਂ ਉਸਨੇ ਕਸ਼ਮੀਰ ਦਾ ਪ੍ਰਬੰਧ ਆਪਣੇ ਇਕ ਹੋਰ ਭਰਾ ਜੱਬਾਰ ਖਾਂ ਨੂੰ ਸੌਂਪ ਦਿੱਤਾ। ਅਜ਼ੀਮ ਖ਼ਾਂ ਦੇ ਹੋਰ ਦੋ ਭਰਾ, ਯਾਰ ਮੁਹੰਮਦ ਖਾਂ ਅਤੇ ਦੋਸਤ ਮੁਹੰਮਦ ਖਾਂ ਪਿਸ਼ਾਵਰ ਉੱਤੇ ਕਾਬਜ਼ ਸਨ। ਬਦਲਦੇ ਹੋਏ ਇਨ੍ਹਾਂ ਹਾਲਾਤ ਅਤੇ ਅਫ਼ਗਾਨਾਂ ਵਿਚ ਫ਼ੈਲੀ ਅੰਦਰੂਨੀ ਫੁੱਟ ਦਾ ਲਾਭ ਉਠਾਉਣ ਲਈ ਮਹਾਰਾਜਾ ਰਣਜੀਤ ਸਿੰਘ ਨੇ ਪਿਸ਼ਾਵਰ ਨੂੰ ਜਿੱਤਣ ਦਾ ਮਨ ਬਣਾ ਲਿਆ। ਉਸਨੇ ਇਕ ਤਕੜੀ ਸੈਨਾ ਇਕੱਠੀ ਕਰਕੇ ਉਸਨੂੰ ਅਟਕ ਵਲ ਜਾਣ ਦਾ ਹੁਕਮ ਦੇ ਦਿੱਤਾ। ਲਾਹੌਰ ਤੋਂ ਭੇਜੀ ਗਈ ਇਸ ਫ਼ੌਜ ਨੇ

ਰੋਹਤਾਸ, ਰਾਵਲਪਿੰਡੀ ਅਤੇ ਹਸਨ ਅਬਦਾਲ ਤੋਂ ਹੁੰਦੇ ਹੋਏ ਦਰਿਆ ਸਿੰਧ ਉਤੇ ਜਾ ਡੇਰੇ ਲਾਏ। ਇੱਥੋਂ ਮਹਾਰਾਜੇ ਨੇ ਸੈਨਾ ਦਾ ਇਕ ਛੋਟਾ ਦਸਤਾ ਪਿਸ਼ਾਵਰ ਨੂੰ ਜਾਣ ਵਾਲੇ ਰਸਤੇ ਅਤੇ ਉਥੋਂ ਦੇ ਤਾਜ਼ਾ ਹਾਲਾਤ ਦੀ ਜਾਣਕਾਰੀ ਵਾਸਤੇ ਅੱਗੇ ਭੇਜਿਆ। ਪਰ ਬਦ ਕਿਸਮਤੀ ਨਾਲ ਲਾਹੌਰ ਦਰਬਾਰ ਦੇ ਇਸ ਦਸਤੇ ਉਪਰ ਸੱਤ ਹਜ਼ਾਰ ਪਠਾਣਾਂ ਅਤੇ ਖਟਕਾਂ ਨੇ ਹਮਲਾ ਬੋਲ ਦਿੱਤਾ। ਗਿਣਤੀ ਵਿਚ ਬਹੁਤ ਘੱਟ ਹੋਣ ਦੇ ਕਾਰਨ ਇਹ ਸਾਰੇ ਦਾ ਸਾਰਾ ਦਸਤਾ ਪਠਾਣਾਂ ਵਿਰੁੱਧ ਬੜੀ ਬਹਾਦਰੀ ਨਾਲ ਲੜਦਾ ਹੋਇਆ ਸ਼ਹੀਦ ਹੋ ਗਿਆ।

ਜਦੋਂ ਇਸ ਦੁਖਦਾਈ ਘਟਨਾ ਦੀ ਖ਼ਬਰ ਮਹਾਰਾਜਾ ਰਣਜੀਤ ਸਿੰਘ ਨੂੰ ਮਿਲੀ ਤਾਂ ਉਸਨੂੰ ਇਤਨਾ ਰੋਹ ਚੜ੍ਹਿਆ ਕਿ ਉਸਨੇ ਉਸੇ ਵੇਲੇ ਦਰਿਆ ਪਾਰ ਕਰਕੇ ਅਫ਼ਗਾਨਾਂ ਤੇ ਹਮਲਾ ਕਰਨ ਦਾ ਫ਼ੈਸਲਾ ਕਰ ਲਿਆ। ਉਹ ਬਿਨਾਂ ਸਮਾਂ ਖੁੰਝਾਏ ਹਾਥੀ ਤੇ ਸਵਾਰ ਹੋ ਕੇ ਦਰਿਆ ਵਿਚ ਠਿਲ੍ਹ ਪਿਆ। ਉਸਦੀ ਇਸ ਦਲੇਰੀ ਤੋਂ ਪ੍ਰਭਾਵਿਤ ਹੋ ਕੇ ਬਾਕੀ ਸੈਨਾ ਵੀ ਦਰਿਆ ਨੂੰ ਪਾਰ ਕਰਕੇ ਪਰਲੇ ਕੰਢੇ ਪਹੁੰਚ ਗਈ ਤੇ ਜਾਂਦਿਆਂ ਹੀ ਅਫ਼ਗਾਨ ਫ਼ੌਜਾਂ ਨਾਲ ਘਮਸਾਨ ਦੀ ਲੜਾਈ ਛਿੜ ਗਈ। ਇਸ ਲੜਾਈ ਵਿਚ ਖ਼ਾਲਸਾ ਫੌਜਾਂ ਵੱਲੋਂ ਕੀਤਾ ਗਿਆ ਹਮਲਾ ਇਤਨਾ ਜ਼ੋਰਦਾਰ ਸੀ ਕਿ ਹਜ਼ਾਰਾਂ ਪਠਾਣ ਮਾਰੇ ਗਏ ਤੇ ਬਾਕੀ ਦੀ ਅਫ਼ਗਾਨ ਸੈਨਾ ਘੇਰੇ ਵਿਚ ਆ ਗਈ। ਅਖ਼ੀਰ ਉਨ੍ਹਾਂ ਨੇ ਸਫ਼ੇਦ ਝੰਡਾ ਵਿਖਾ ਕੇ ਸੁਲ੍ਹਾ ਲਈ ਬੇਨਤੀ ਕੀਤੀ ਜੋ ਮਹਾਰਾਜੇ ਨੇ ਪ੍ਰਵਾਨ ਕਰ ਲਈ। ਇਸ ਮਗਰੋਂ ਖ਼ਾਲਸਾ ਫੌਜਾਂ ਖ਼ੈਰਾਬਾਦ ਅਤੇ ਜਹਾਂਗੀਰੇ ਦੇ ਕਿਲ੍ਹੇ ਤੇ ਕਬਜ਼ਾ ਕਰਕੇ ਪਿਸ਼ਾਵਰ ਵਲ ਵਧੀਆਂ। ਮਹਾਰਾਜੇ ਦੇ ਅੱਗੇ ਵੱਧਣ ਦੀ ਖ਼ਬਰ ਸੁਣ ਕੇ ਪਿਸ਼ਾਵਰ ਦੇ ਹਾਕਮ, ਯਾਰ ਮੁਹੰਮਦ ਖਾਂ ਅਤੇ ਦੋਸਤ ਮੁਹੰਮਦ ਖਾਂ ਕਿਲ੍ਹੇ ’ਚੋਂ ਭੱਜ ਕੇ ਯੂਫਜ਼ਈ ਦੀਆਂ ਪਹਾੜੀਆਂ ਵਿਚ ਜਾ ਕੇ ਲੁਕ ਗਏ। ਇਸ ਤਰ੍ਹਾਂ 1818 ਵਿਚ ਮਹਾਰਾਜੇ ਦਾ ਪਿਸ਼ਾਵਰ ਉਪਰ ਕਬਜ਼ਾ ਹੋ ਗਿਆ। **ਸਮਕਾਲੀ ਲਿਖਤਾਂ ’ਚੋਂ ਇਸ ਗੱਲ ਦਾ ਪਤਾ ਚਲਦਾ ਹੈ ਕਿ ਇਨ੍ਹਾਂ ਲੜਾਈਆਂ ਵਿਚ ਅਕਾਲੀ ਫੂਲਾ ਸਿੰਘ ਬੜੀ ਬਹਾਦਰੀ ਨਾਲ ਲੜੇ ਸਨ।** ਮਹਾਰਾਜਾ ਰਣਜੀਤ ਸਿੰਘ ਦੋ ਦਿਨ ਤਕ ਇੱਥੇ ਰੁਕੇ ਤੇ ਇਹ ਨਗਰ ਆਪਣੇ ਪੁਰਾਣੇ ਮਿੱਤਰ ਤੇ ਅਟਕ ਦੇ ਪੁਰਾਣੇ ਗਵਰਨਰ ਜਹਾਂਦਾਦ ਖਾਂ ਨੂੰ ਸੌਂਪ ਕੇ ਵਾਪਸ ਲਾਹੌਰ ਆ ਗਏ। ਹੁਣ ਉਹ ਕਸ਼ਮੀਰ ਨੂੰ ਜਿੱਤਣ ਦੀ ਯੋਜਨਾ ਬਣਾਉਣ ਲਗ ਪਏ ਜੋ ਕਿ ਅਜ਼ੀਮ ਖਾਂ ਦੇ ਭਰਾ ਜੱਬਾਰ ਖਾਂ ਦੇ ਅਧੀਨ ਸੀ।

**ਅਕਾਲੀ ਫੂਲਾ ਸਿੰਘ ਨੇ ਮਹਾਰਾਜੇ ਨੂੰ ਸਲਾਹ ਦਿੱਤੀ ਸੀ ਕਿ ਪਿਸ਼ਾਵਰ ਦੇ ਇਲਾਕੇ ਨੂੰ ਪੱਕੇ ਤੌਰ ’ਤੇ ਖ਼ਾਲਸਾ ਰਾਜ ਵਿਚ ਮਿਲਾ ਕੇ ਇਸ ਨੂੰ ਲਾਹੌਰ ਦਰਬਾਰ ਦੇ ਕਿਸੇ ਅਧਿਕਾਰੀ ਦੇ ਸਪੁਰਦ ਕਰ ਦਿੱਤਾ ਜਾਵੇ।** ਪਰ ਉਸ ਸਮੇਂ ਮਹਾਰਾਜੇ ਨੇ ਕੁਝ ਕਾਰਨਾਂ ਕਰਕੇ ਪਿਸ਼ਾਵਰ ਨੂੰ ਖ਼ਾਲਸਾ ਰਾਜ ਵਿਚ ਮਿਲਾਣਾ ਯੋਗ ਨਹੀਂ ਸੀ ਸਮਝਿਆ। ਮਹਾਰਾਜੇ ਦੇ ਲਾਹੌਰ ਪਹੁੰਚਣ ਦੀ ਦੇਰ ਸੀ ਕਿ ਯਾਰ ਮੁਹੰਮਦ ਖਾਂ ਅਤੇ ਫ਼ਤਿਹ ਮੁਹੰਮਦ ਖਾਂ ਨੇ ਹਮਲਾ ਬੋਲ ਕੇ ਦੁਬਾਰਾ ਪਿਸ਼ਾਵਰ ਤੇ ਕਬਜ਼ਾ ਕਰ ਲਿਆ ਅਤੇ ਜਹਾਂਦਾਦ ਖਾਂ ਨੂੰ ਉਥੋਂ ਭਜਾ ਦਿੱਤਾ।

**ਨੌਸ਼ਹਿਰੇ ਦੀ ਲੜਾਈ ਤੇ ਅਕਾਲੀ ਫੂਲਾ ਸਿੰਘ ਦੀ ਸ਼ਹੀਦੀ : ਪਿਛੋਕੜ :** 1818 ਵਿੱਚ ਮਹਾਰਾਜਾ ਰਣਜੀਤ ਸਿੰਘ ਨੇ ਪਿਸ਼ਾਵਰ ਨੂੰ ਜਿੱਤ ਕੇ ਜਹਾਂਦਾਦ ਖਾਂ ਨੂੰ ਉੱਥੋਂ ਦਾ ਰਾਜਪਾਲ ਨਿਯੁਕਤ ਕੀਤਾ ਸੀ। ਮਹਾਰਾਜਾ ਦੋ ਦਿਨ ਉੱਥੇ ਰਹਿ ਕੇ ਲਾਹੌਰ ਵਾਪਸ ਪਰਤ ਆਇਆ ਸੀ ਜਦ ਕਿ ਨਗਰ (ਪਿਸ਼ਾਵਰ) ਦੀ ਸੁਰੱਖਿਆ ਲਈ ਜਹਾਂਦਾਦ ਕੋਲ ਕੋਈ ਵੀ ਮਾਇਕ ਜਾਂ ਫੌਜੀ ਇਮਦਾਦ ਪਿੱਛੇ ਨਹੀਂ ਸੀ ਛੱਡੀ ਗਈ। ਜਹਾਂਦਾਦ ਖਾਂ ਦੇ ਆਪਣੇ ਵਸੀਲੇ ਕਿਸੇ ਵੀ ਖਤਰੇ ਦਾ ਮੁਕਾਬਲਾ ਕਰਨ ਲਈ ਆਪਣੇ ਆਪ ਵਿੱਚ ਕਾਫੀ ਨਹੀਂ ਸਨ। ਸੋ ਮਹਾਰਾਜੇ ਦੇ ਲਾਹੌਰ ਪਹੁੰਚਣ ਦੇ ਦੋ ਮਹੀਨਿਆਂ ਦੇ ਅੰਦਰ ਹੀ ਅੰਦਰ ਬਾਰਕਜ਼ਈ ਭਰਾਵਾਂ, ਯਾਰ ਮਹੁੰਮਦ ਅਤੇ ਦੋਸਤ ਮੁਹੰਮਦ ਖਾਂ ਨੇ ਪਿਸ਼ਾਵਰ ਤੇ ਹਮਲਾ ਕਰਕੇ ਜਹਾਂਦਾਦ ਖਾਂ ਨੂੰ ਉੱਥੋਂ ਭਜਾ ਦਿੱਤਾ ਸੀ ਅਤੇ ਨਗਰ ਤੇ ਕਬਜ਼ਾ ਕਰ ਲਿਆ ਸੀ।

ਦੋਸਤ ਮੁਹੰਮਦ ਇਹ ਜਾਣਦਾ ਸੀ ਕਿ ਮਹਾਰਾਜਾ ਰਣਜੀਤ ਸਿੰਘ ਕਦੇ ਵੀ ਉਸਦੀ ਇਸ ਵਧੀਕੀ ਨੂੰ ਬਰਦਾਸ਼ਤ ਨਹੀਂ ਕਰੇਗਾ ਤੇ ਉਹ ਜਲਦੀ ਹੀ ਲਾਹੌਰ ਤੋਂ ਫੌਜਾਂ ਲੈ ਕੇ ਇੱਥੇ ਪਹੁੰਚ ਜਾਵੇਗਾ। ਜਾਂ ਫਿਰ ਇਹ ਵੀ ਸੰਭਵ ਸੀ ਕਿ ਉਹ ਅਕਾਲੀ ਫੂਲਾ ਸਿੰਘ ਵਰਗੇ ਕਿਸੇ ਜਰਨੈਲ ਨੂੰ ਉਸ ਨੂੰ ਯੋਗ ਡੰਡ ਦੇਣ ਲਈ ਇਧਰ ਭੇਜ ਦੇਵੇ। ਸੋ ਉਸ ਨੇ ਆਪਣੇ ਇੱਕ ਦੂਤ ਨੂੰ ਮਹਾਰਾਜੇ ਕੋਲ ਲਾਹੌਰ ਭੇਜਿਆ ਕਿ ਜੇ ਮਹਾਰਾਜਾ ਉਸ ਨੂੰ ਪਿਸ਼ਾਵਰ ਦਾ ਸੂਬੇਦਾਰ ਨਾਮਜ਼ਦ ਕਰ ਦੇਵੇ ਤਾਂ ਉਹ (ਦੋਸਤ ਮੁਹੰਮਦ) ਹਰ ਸਾਲ ਮਹਾਰਾਜੇ ਨੂੰ ਇੱਕ ਲੱਖ ਰੁਪਿਆ (ਸਾਲਾਨਾ) ਬਤੌਰ ਖਿਰਾਜ ਭੇਜਦਾ ਰਹੇਗਾ। ਕਿਉਂਕਿ ਮਹਾਰਾਜਾ ਉਸ ਵੇਲੇ ਕਸ਼ਮੀਰ ਵਿਰੁੱਧ ਫੌਜ ਭੇਜਣ ਦੀ ਯੋਜਨਾ ਬਣਾ ਰਿਹਾ ਸੀ, ਸੋ ਉਸ ਨੇ ਦੋਸਤ ਮੁਹੰਮਦ ਵੱਲੋਂ ਭੇਜੀ ਗਈ ਇਸ ਪੇਸ਼ਕਸ਼ ਨੂੰ ਸਵੀਕਾਰ ਕਰ ਲਿਆ ਤੇ ਆਪਣੇ ਵੱਲੋਂ ਉਸ ਨੂੰ ਪਿਸ਼ਾਵਰ ਦਾ ਸੂਬੇਦਾਰ ਨਿਯੁਕਤ ਕਰ ਦਿੱਤਾ।

1819 ਵਿੱਚ ਮਹਾਰਾਜੇ ਨੇ ਕਸ਼ਮੀਰ ਤੇ ਕਬਜ਼ਾ ਕਰ ਲਿਆ। **ਇਸ ਲੜਾਈ ਵਿਚ ਅਕਾਲੀ ਫੂਲਾ ਸਿੰਘ ਨੇ ਬੜੀ ਵੀਰਤਾ ਦਿਖਾਈ ਸੀ।** ਮਹਾਰਾਜੇ ਨੇ ਕਸ਼ਮੀਰ ਦੀ ਜਿੱਤ ਮਗਰੋਂ 1820 ਵਿੱਚ ਡੇਰਾ ਗਾਜ਼ੀ ਖਾਂ ਅਤੇ 1821 ਵਿੱਚ ਡੇਰਾ ਇਸਮਾਈਲ ਖਾਂ ਤੇ ਮਨਕੇਰਾ ਉਤੇ ਕਬਜ਼ਾ ਕਰਕੇ, ਲਗਪਗ ਸਾਰੇ ਪੰਜਾਬ ਚੋਂ ਅਫਗਾਨਾਂ ਦੀ ਸ਼ਕਤੀ ਨੂੰ ਖਤਮ ਕਰ ਦਿੱਤਾ ਸੀ। **ਜਦੋਂ ਇਨ੍ਹਾਂ ਘਟਨਾਵਾਂ ਦੀ ਖਬਰ ਕਾਬਲ ਵਿਖੇ ਅਜ਼ੀਮ ਖਾਂ ਨੂੰ ਮਿਲੀ ਤਾਂ ਉਹ ਖਾਲਸਾ ਦਰਬਾਰ ਨਾਲ ਇੱਕ ਨਿਰਣਾਇਕ ਲੜਾਈ ਲੜਣ ਲਈ ਤਿਆਰੀਆਂ ਕਰਨ ਲੱਗ ਪਿਆ।** 1818 ਵਿਚ ਪਿਸ਼ੌਰ ਦੀ ਜਿੱਤ ਮਗਰੋਂ ਉਹ ਜਾਣਦਾ ਸੀ ਕਿ ਜਿਹੜੀਆਂ ਫੌਜਾਂ ਪੰਜਾਬ ਦੀਆਂ ਉੱਤਰ ਪੱਛਮੀ ਸੀਮਾਵਾਂ ਤੱਕ ਪਹੁੰਚ ਚੁੱਕੀਆਂ ਸਨ ਉਹ ਕਿਸੇ ਵੇਲੇ ਵੀ ਦੱਰਾ ਖੈਬਰ ਪਾਰ ਕਰਕੇ ਕਾਬਲ ਵੀ ਪਹੁੰਚ ਸਕਦੀਆਂ ਸਨ।

ਕਾਬਲ ਦੀ ਰਾਜਨੀਤੀ ਵਿਚ ਹਾਲਾਤ ਬੜੀ ਤੇਜ਼ੀ ਨਾਲ ਬਦਲ ਰਹੇ ਸਨ। ਇਨ੍ਹਾਂ ਬਦਲਦੇ ਹਾਲਾਤ ਕਰਕੇ ਜਲਦੀ ਹੀ ਪਿਸ਼ਾਵਰ ਦੇ ਦੋਸਤ ਮੁਹੰਮਦ ਖਾਂ ਨੂੰ ਆਪਣੇ ਭਰਾ ਅਜ਼ੀਮ ਖਾਂ ਦੀ ਮਦਦ ਲਈ ਕਾਬਲ ਜਾਣਾ ਪੈ ਗਿਆ ਤਾਂ ਜੋ ਅਫਗਾਨਿਸਤਾਨ ਉਪਰ ਬਾਰਕਜ਼ਈ ਭਰਾਵਾਂ ਦੇ ਅਧਿਕਾਰ ਨੂੰ ਹੋਰ ਮਜ਼ਬੂਤ ਕੀਤਾ ਜਾ ਸਕੇ। ਪਿਸ਼ਾਵਰ ਤੋਂ ਚਲਣ

ਸਮੇਂ ਉਸ ਨੇ ਆਪਣੇ ਵੱਲੋਂ ਆਪਣੇ ਭਰਾ ਯਾਰ ਮੁਹੰਮਦ ਨੂੰ ਇਥੋਂ ਦਾ ਨਾਇਬ ਮੁਕਰਰ ਕੀਤਾ। ਇਹ ਨਿਯੁਕਤੀ ਕਰਨ ਸਮੇਂ ਉਸ ਨੇ ਮਹਾਰਾਜੇ ਨਾਲ ਕੋਈ ਸਲਾਹ ਨਹੀਂ ਸੀ ਕੀਤੀ। ਇਸੇ ਲਈ ਮਹਾਰਾਜੇ ਨੂੰ ਇਹ ਤਬਦੀਲੀ ਪਸੰਦ ਨਹੀਂ ਸੀ। ਪਰ ਮਗਰੋਂ ਯਾਰ ਮੁਹੰਮਦ ਨੇ ਮਹਾਰਾਜਾ ਰਣਜੀਤ ਸਿੰਘ ਨੂੰ 40000 ਰੁਪੈ ਤੇ ਕੁਝ ਕੀਮਤੀ ਘੋੜੇ ਤੁਹਫੇ ਦੇ ਤੌਰ 'ਤੇ ਆਪਣੇ ਵੱਲੋਂ ਭੇਜ ਕੇ ਆਪਣੀ ਨਿਯੁਕਤੀ ਨੂੰ ਪੱਕਾ ਕਰਾ ਲਿਆ।

ਜਿਵੇਂ ਕਿ ਪਹਿਲਾਂ ਉਲੇਖ ਕੀਤਾ ਜਾ ਚੁਕਾ ਹੈ ਯਾਰ ਮੁਹੰਮਦ ਵੀ ਕਾਬਲ ਦੇ ਵਜ਼ੀਰ ਅਜ਼ੀਮ ਖਾਂ ਦਾ ਭਰਾ ਸੀ। ਜਦੋਂ ਅਜ਼ੀਮ ਖਾਂ ਨੂੰ ਪਤਾ ਲੱਗਾ ਕਿ ਉਸਦੇ ਭਰਾ ਯਾਰ ਮੁਹੰਮਦ ਨੇ ਮਹਾਰਾਜੇ ਨੂੰ ਕੀਮਤੀ ਸੁਗਾਤਾਂ ਤੇ 40000 ਰੁਪੈ ਬਤੌਰ ਨਜ਼ਰਾਨੇ ਦੇ ਭੇਟ ਕੀਤੇ ਹਨ ਅਤੇ ਉਸਨੇ ਲਾਹੌਰ ਦਰਬਾਰ ਵੱਲੋਂ ਭੇਜੇ ਗਏ ਫ਼ਕੀਰ ਅਜ਼ੀਜ਼-ਉ-ਦੀਨ ਦੇ ਸੁਆਗਤ ਲਈ ਨਗਰ ਵਿੱਚ ਰੋਸ਼ਨੀ ਆਦਿ ਕੀਤੀ ਹੈ ਤਾਂ ਉਸ ਨੇ ਆਪਣੇ ਭਰਾ ਦੀ ਇਸ ਕਾਰਵਾਈ ਨੂੰ ਕਮਜ਼ੋਰੀ ਅਤੇ ਕਾਇਰਤਾ ਦੀ ਨਿਸ਼ਾਨੀ ਸਮਝਿਆ। ਸੋ ਉਹ ਆਪਣੇ ਭਰਾ (ਯਾਰ ਮੁਹੰਮਦ) ਨੂੰ ਡੰਡ ਦੇਣ ਅਤੇ ਸਿੱਖਾਂ (ਕਾਫ਼ਰਾਂ) ਨਾਲ ਲੋਹਾ ਲੈਣ ਲਈ ਕਾਬਲ ਤੋਂ ਚਲ ਪਿਆ। ਯਾਰ ਮੁਹੰਮਦ ਨੇ ਆਪਣੇ ਭਰਾ ਦੇ ਆਉਣ ਦੀ ਖ਼ਬਰ ਸੁਣ ਕੇ ਪਿਸ਼ਾਵਰ ਖਾਲੀ ਕਰ ਦਿੱਤਾ ਤੇ ਆਪ ਪਹਾੜਾਂ ਵਿੱਚ ਜਾ ਕੇ ਛਿੱਪ ਗਿਆ। ਇਸ ਤਰ੍ਹਾਂ ਕਾਬਲ ਤੋਂ ਆ ਰਹੀਆਂ ਅਫ਼ਗਾਨ ਫੌਜਾਂ ਨੇ ਸਹਿਜੇ ਹੀ ਪਿਸ਼ਾਵਰ ਤੇ ਕਬਜ਼ਾ ਕਰ ਲਿਆ ਤੇ ਉਹ ਸਿੱਖਾਂ ਵਿਰੁੱਧ ਜਹਾਦ (ਧਰਮ ਯੁੱਧ) ਲੜਨ ਦੀ ਤਿਆਰੀ ਵਿੱਚ ਜੁੱਟ ਗਈਆਂ। ਅਜ਼ੀਮ ਖਾਂ ਵੱਲੋਂ ਸੈਕੜੇ ਮੁਲਾਂ-ਮੌਲਵੀ ਤੇ ਉਪਦੇਸ਼ਕ ਪਠਾਣਾਂ ਵਿੱਚ ਜੋਸ਼ ਪੈਦਾ ਕਰਨ ਲਈ ਚਵਾਂ ਪਾਸੇ ਭੇਜੇ ਗਏ। ਉਨ੍ਹਾਂ ਨੇ ਥਾਂ ਥਾਂ ਤੇ ਜਾ ਕੇ ਸਿੱਖਾਂ ਵਿਰੁੱਧ ਲੜੇ ਜਾਣ ਵਾਲੇ ਧਰਮ ਯੁੱਧ (ਜਹਾਦ) ਦਾ ਨਾਹਰਾ ਲਾਇਆ ਤੇ ਨੌਜਵਾਨਾਂ ਨੂੰ ਸਿਰਾਂ ਤੇ ਕਫ਼ਨ ਬੰਨ੍ਹ ਕੇ ਪਿਸ਼ਾਵਰ ਰਵਾਨਾ ਹੋਣ ਲਈ ਕਿਹਾ। ਇਸ ਜ਼ਹਿਰੀਲੇ ਪ੍ਰਚਾਰ ਦਾ ਅਸਰ ਇਹ ਹੋਇਆ ਕਿ ਪਿਸ਼ਾਵਰ ਦੇ ਆਸ ਪਾਸ ਦੀਆਂ ਪਹਾੜੀਆਂ ਦੇ ਖਟਕ, ਯੂਸਫਜ਼ਈ ਤੇ ਹੋਰ ਕਬੀਲਿਆਂ ਦੇ ਲੋਕ ਅਜ਼ੀਮ ਖਾਂ ਦੇ ਝੰਡੇ ਥੱਲੇ ਆ ਕੇ ਇਕੱਠੇ ਹੋਣੇ ਸ਼ੁਰੂ ਹੋ ਗਏ। ਕੁਝ ਹੀ ਸਮੇਂ ਵਿੱਚ ਅਜ਼ੀਮ ਖਾਂ ਕੋਲ ਗਾਜ਼ੀਆਂ ਦੀ ਇੱਕ ਤਕੜੀ ਫੌਜ ਇਕੱਠੀ ਹੋ ਗਈ।

**ਜਦੋਂ ਕਦੇ ਵੀ ਇਹੋ ਜਿਹੇ ਹਾਲਾਤ ਪੈਦਾ ਹੋ ਜਾਂਦੇ ਸਨ ਤਾਂ ਮਹਾਰਾਜਾ ਜਹਾਦੀ ਅਫ਼ਗਾਨਾਂ ਦੇ ਟਾਕਰੇ ਤੇ ਧਾਰਮਕ ਜੋਸ਼ ਨਾਲ ਰੰਗੇ ਅਕਾਲੀ ਫੂਲਾ ਸਿੰਘ ਦੇ ਨਿਹੰਗਾਂ ਨੂੰ ਉਨ੍ਹਾਂ ਦੇ ਟਾਕਰੇ ਤੇ ਲਿਆ ਕੇ ਖੜ੍ਹਾ ਕਰ ਦੇਂਦਾ ਸੀ। ਮਹਾਰਾਜੇ ਦੀ ਕੋਈ ਵੀ ਵੱਡੀ ਲੜਾਈ ਅਜੇਹੀ ਨਹੀਂ ਸੀ ਜਿਸ ਵਿਚ ਉਸ ਨੇ ਅਕਾਲੀਆਂ ਦੀ ਸਹਾਇਤਾ ਨਾ ਲਈ ਹੋਵੇ। ਖ਼ਾਲਸਾ ਰਾਜ ਦੇ ਵਿਸਥਾਰ ਅਤੇ ਖ਼ਾਲਸਾ ਰਾਜ ਦੀ ਰਾਖੀ ਲਈ ਅਕਾਲੀ ਹਮੇਸ਼ਾਂ 'ਧਰਮ ਯੁੱਧ' ਦੀ ਭਾਵਨਾ ਨਾਲ ਲੜੇ ਤੇ ਜਿੱਤ ਦੇ ਡੰਕੇ ਵਜਾਂਦੇ ਲਾਹੌਰ ਪਰਤੇ ਸਨ।** ਅਕਾਲੀ ਫੂਲਾ ਸਿੰਘ ਤੋਂ ਛੁੱਟ ਨਿਹੰਗਾਂ ਦੇ ਹੋਰ ਪ੍ਰਮੁੱਖ ਜਥੇਦਾਰ ਨਿਹੰਗ ਸਾਧੂ ਸਿੰਘ ਅਤੇ ਨਿਹੰਗ ਧਰਮ ਸਿੰਘ ਸਨ, ਜਿਨ੍ਹਾਂ ਨੇ ਅਫ਼ਗਾਨਾਂ ਨੂੰ ਕਈ ਲੜਾਈਆਂ ਵਿਚ ਕਰਾਰੀ ਹਾਰ ਦਿੱਤੀ ਸੀ। ਇਨ੍ਹਾਂ ਵਿਚ ਕਸੂਰ (1807) ਅਤੇ

ਮੁਲਤਾਨ (1816, 1818) ਦੀਆਂ ਲੜਾਈਆਂ ਵਿਸ਼ੇਸ਼ ਮਹੱਤਤਾ ਵਾਲੀਆਂ ਸਨ। ਇਨ੍ਹਾਂ ਲੜਾਈਆਂ ਤੋਂ ਬਾਅਦ ਅਫ਼ਗਾਨ ਖ਼ਾਲਸਾ ਫੌਜਾਂ ਅਤੇ ਵਿਸ਼ੇਸ਼ ਕਰਕੇ ਅਕਾਲੀ ਸੈਨਾ ਤੋਂ ਥਰ ਥਰ ਕੰਬਣ ਲੱਗ ਪਏ ਸਨ।

ਉੱਤਰ ਪੱਛਮ ਵੱਲ ਵਾਪਰ ਰਹੀਆਂ ਇਹਨਾਂ ਘਟਨਾਵਾਂ ਨੂੰ ਵੇਖਕੇ ਮਹਾਰਾਜਾ ਰਣਜੀਤ ਸਿੰਘ ਨੇ ਆਪਣੇ ਪ੍ਰਸਿੱਧ ਜਰਨੈਲਾਂ ਨੂੰ ਲਾਹੌਰ ਇਕੱਠਾ ਹੋਣ ਲਈ ਸੱਦਿਆ। ਅੰਮ੍ਰਿਤਸਰੋਂ ਅਕਾਲੀ ਫੂਲਾ ਸਿੰਘ ਤੇ ਉਨ੍ਹਾਂ ਦੇ ਸ਼ਕਤੀਸ਼ਾਲੀ ਜਥੇ ਨੂੰ ਵੀ ਬੁਲਾ ਲਿਆ ਗਿਆ। **ਲਗਦਾ ਸੀ ਮਹਾਰਾਜੇ ਨੂੰ ਇਹ ਜੰਗ ਵੀ ਧਰਮ ਯੁੱਧ ਦੇ ਤੌਰ ਤੇ ਹੀ ਲੜਣੀ ਪੈਣੀ ਸੀ ਅਤੇ ਇਸ ਕੰਮ ਲਈ ਅਕਾਲੀਆਂ ਦੇ ਜਥੇ ਤੋਂ ਵੱਧ ਧਾਰਮਿਕ ਜੋਸ਼ ਤੇ ਪੰਥ ਦੇ ਨਾਂ ਤੇ ਮਰ ਮਿਟਣ ਵਾਲੇ ਸੈਨਿਕ ਹੋਰ ਕਿਹੜੇ ਹੋ ਸਕਦੇ ਸਨ ?** ਸਾਰੀ ਸਥਿਤੀ ਨੂੰ ਵਿਚਾਰਣ ਮਗਰੋਂ ਮਹਾਰਾਜੇ ਨੇ ਜਨਵਰੀ 1823 ਵਿੱਚ ਅਫਗਾਨਾਂ ਨਾਲ ਟੱਕਰ ਲੈਣ ਲਈ 20000 ਫੌਜੀਆਂ ਦਾ ਇੱਕ ਸ਼ਕਤੀਸ਼ਾਲੀ ਦਸਤਾ ਸ਼ਹਿਜ਼ਾਦਾ ਸ਼ੇਰ ਸਿੰਘ ਤੇ ਦੀਵਾਨ ਕਿਰਪਾ ਰਾਮ ਦੀ ਕਮਾਨ ਹੇਠ ਅਟਕ ਵੱਲ ਰਵਾਨਾ ਕਰ ਦਿੱਤਾ ਤੇ ਆਪ ਇੱਕ ਵਿਸ਼ਾਲ ਸੈਨਾ ਲੈ ਕੇ ਪਿਸ਼ਾਵਰ ਵੱਲ ਚਲਣ ਦੀ ਤਿਆਰੀ ਕਰਨ ਲੱਗ ਪਿਆ। ਅਗੇਤਰੇ ਜਥੇ ਨਾਲ ਜੋ ਹੋਰ ਜਰਨੈਲ ਰਵਾਨਾ ਕੀਤੇ ਗਏ ਉਹ ਸਨ : ਸ੍ਰ. ਹਰੀ ਸਿੰਘ ਨਲੂਆ, ਸ੍ਰ. ਅਤਰ ਸਿੰਘ ਸੰਧਾਵਾਲੀਆ, ਸ੍ਰ. ਧੰਨਾ ਸਿੰਘ ਮਲਵਈ ਅਤੇ ਤੋਪਖਾਨੇ ਦਾ ਵੱਡਾ ਅਫਸਰ ਮਿਸਰ ਦੀਵਾਨ ਚੰਦ। ਮਹਾਰਾਜੇ ਦੀ ਆਪਣੀ ਫੌਜ ਨਾਲ ਅਕਾਲੀ ਫੂਲਾ ਸਿੰਘ ਤੋਂ ਇਲਾਵਾ ਸ੍ਰ. ਦੇਸਾ ਸਿੰਘ ਮਜੀਠੀਆ ਅਤੇ ਸ੍ਰ. ਫਤਹਿ ਸਿੰਘ ਆਹਲੂਵਾਲੀਆ ਪ੍ਰਸਿੱਧ ਯੋਧੇ ਸਨ ਜੋ **'ਧਰਮ ਯੁੱਧ ਕੇ ਚਾਓ'** ਨਾਲ ਪਿਸ਼ਾਵਰ ਲਈ ਰਵਾਨਾ ਹੋ ਰਹੇ ਸਨ।

**ਜਹਾਂਗੀਰੇ ਦੇ ਕਿਲ੍ਹੇ ਉਪਰ ਕਬਜ਼ਾ :** ਮਹਾਰਾਜੇ ਦੀ ਫੌਜ ਦੇ ਪਹੁੰਚਣ ਤੋਂ ਪਹਿਲਾਂ ਸ਼ਹਿਜ਼ਾਦਾ ਸ਼ੇਰ ਸਿੰਘ, ਹਰੀ ਸਿੰਘ ਨਲੂਆ ਅਤੇ ਉਨ੍ਹਾਂ ਦੀ ਕਮਾਨ ਥੱਲੇ ਭੇਜੀ ਗਈ ਫੌਜ ਬੇੜੀਆਂ ਦੇ ਪੁਲ ਰਾਹੀਂ ਅਟਕ ਪਾਰ ਹੋ ਚੁੱਕੀ ਸੀ। ਕਾਬਲ ਦਾ ਵਜ਼ੀਰ ਅਜ਼ੀਮ ਖਾਂ ਗਾਜ਼ੀਆਂ ਦੀ ਇੱਕ ਵੱਡੀ ਫੌਜ ਨਾਲ ਅਜੇ ਪਿਸ਼ਾਵਰ ਹੀ ਰੁਕਿਆ ਹੋਇਆ ਸੀ। ਖਾਲਸਾ ਦਰਬਾਰ ਦੀਆਂ ਫੌਜਾਂ ਨੇ ਜਾਂਦਿਆਂ ਹੀ ਜਹਾਂਗੀਰੇ ਦੇ ਕਿਲ੍ਹੇ ਦਾ ਘੇਰਾ ਪਾ ਲਿਆ ਤੇ ਇੱਕ ਛੋਟੀ ਜਿਹੀ ਲੜਾਈ ਪਿੱਛੋਂ ਇਸ ਤੇ ਕਬਜ਼ਾ ਕਰ ਲਿਆ। ਜਹਾਂਗੀਰੇ ਦਾ ਅਫ਼ਗਾਨ ਕਿਲ੍ਹੇਦਾਰ ਨੱਸ ਕੇ ਪਿਸ਼ਾਵਰ ਚਲਾ ਗਿਆ। ਜਦੋਂ ਅਜ਼ੀਮ ਖਾਂ ਨੇ ਅਫ਼ਗਾਨਾਂ ਦੀ ਇਸ ਚੌਕੀ ਉਪਰ ਖ਼ਾਲਸਾ ਫ਼ੌਜਾਂ ਦਾ ਕਬਜ਼ਾ ਹੋ ਜਾਣ ਦੀ ਖ਼ਬਰ ਸੁਣੀ ਤਾਂ ਉਹ ਗੁੱਸੇ ਨਾਲ ਭੜਕ ਉਠਿਆ। ਉਸ ਨੇ ਆਪਣੇ ਭਰਾਵਾਂ, ਦੋਸਤ ਮੁਹੰਮਦ ਖਾਂ ਤੇ ਜਬੱਾਰ ਖਾਂ ਦੀ ਕਮਾਨ ਹੇਠ ਗਾਜ਼ੀਆਂ ਦਾ ਇੱਕ ਦਸਤਾ ਜਹਾਂਗੀਰੇ ਵੱਲ ਰਵਾਨਾ ਕਰ ਦਿੱਤਾ ਤਾਂ ਜੁ ਇਸ ਕਿਲ੍ਹੇ ਉਪਰ ਮੁੜ ਅਫਗਾਨਾਂ ਦਾ ਅਧਿਕਾਰ ਜਮਾਇਆ ਜਾ ਸਕੇ। ਅਫਗਾਨਾਂ ਦੇ ਪਹੁੰਚਦਿਆਂ ਹੀ ਦੋਹਾਂ ਪਾਸਿਆਂ ਤੋਂ ਬੜੀ ਭਿਆਨਕ ਜੰਗ ਸ਼ੁਰੂ ਹੋ ਗਈ। ਇਸੇ ਦੌਰਾਨ ਅਹਿਮਦ ਖਾਂ ਖਟਕ ਨੇ, ਜੋ ਕਿ ਅਜ਼ੀਮ ਖਾਂ ਦੀ ਸਹਾਇਤ ਕਰ ਰਿਹਾ ਸੀ, ਮੌਕਾ ਤਾੜ ਕੇ ਅਟਕ ਦਾ ਬੇੜੀਆਂ ਦਾ ਪੁੱਲ ਉਡਾ ਦਿੱਤਾ ਤਾਂ ਕਿ ਰਣਜੀਤ ਸਿੰਘ ਦੀ ਲਾਹੌਰ ਤੋਂ ਆ ਰਹੀ ਫੌਜ, ਜਹਾਂਗੀਰੇ ਵਿੱਚ ਘਿਰੇ

ਹੋਏ ਸਿੱਖ ਸੈਨਿਕਾਂ ਦੀ ਸਹਾਇਤਾ ਲਈ ਨਾ ਪਹੁੰਚ ਸਕੇ।

**ਅਕਾਲੀ ਫੂਲਾ ਸਿੰਘ ਦੇ ਦਸਤੇ ਦਾ ਨਦੀ ਵਿੱਚ ਠਿਲ੍ਹਣਾ :** ਜਦੋਂ ਮਹਾਰਾਜੇ ਦੀ ਫੌਜ ਦਰਿਆ ਅਟਕ ਦੇ ਕੰਢੇ ਪਹੁੰਚੀ ਤਾਂ ਬੇੜੀਆਂ ਦਾ ਪੁੱਲ ਨਸ਼ਟ ਹੋ ਚੁੱਕਾ ਸੀ ਤੇ ਪਾਣੀ ਦੇ ਤੇਜ਼ ਵਹਾਉ ਕਾਰਨ ਨਦੀ ਪਾਰ ਕਰਨੀ ਔਖੀ ਹੋ ਗਈ ਸੀ। ਮਹਾਰਾਜੇ ਨੇ ਫੌਜ ਨੂੰ ਇੱਥੇ ਰੁਕਣ ਦਾ ਹੁਕਮ ਦਿੱਤਾ ਤੇ ਆਪਣੇ ਇੰਜੀਨੀਅਰਾਂ ਨੂੰ ਨਵਾਂ ਪੁੱਲ ਬਣਾਉਣ ਦੇ ਕੰਮ ਤੇ ਲਗਾ ਦਿੱਤਾ। ਇਤਨੇ ਵਿੱਚ ਇੱਕ ਸੂਹੀਏ ਨੇ ਨਦੀ ਤਰ ਕੇ ਮਹਾਰਾਜੇ ਨੂੰ ਆ ਕੇ ਇਹ ਖਬਰ ਦਿੱਤੀ ਕਿ ਸ਼ਹਿਜ਼ਾਦਾ ਸ਼ੇਰ ਸਿੰਘ ਦੀ ਟੁਕੜੀ ਬੁਰੀ ਤਰ੍ਹਾਂ ਨਾਲ ਅਫ਼ਗਾਨਾਂ ਦੇ ਘੇਰੇ ਵਿੱਚ ਫੱਸ ਚੁੱਕੀ ਹੈ। ਜੇ ਸਮੇਂ ਸਿਰ ਸਹਾਇਤਾ ਨਾ ਪਹੁੰਚਾਈ ਗਈ ਤਾਂ ਹੋ ਸਕਦਾ ਹੈ ਉਹ ਸਾਰੇ ਹੀ ਇੱਕ ਇੱਕ ਕਰਕੇ ਸ਼ਹੀਦੀਆਂ ਪਾ ਜਾਣ।

ਅਕਾਲੀ ਫੂਲਾ ਸਿੰਘ ਨੂੰ ਆਪਣੀ 1818 ਵਾਲੀ ਮੁਹਿੰਮ ਯਾਦ ਸੀ। ਉਦੋਂ ਇਸੇ ਤਰ੍ਹਾਂ ਖਟਕਾਂ ਨੇ ਖਾਲਸਾ ਦਲ ਦੀ ਇੱਕ ਟੁਕੜੀ ਨੂੰ ਅਟਕ ਪਾਰ ਕਰਦਿਆਂ ਹੀ ਘੇਰੇ ਵਿੱਚ ਲੈ ਕੇ ਮਾਰ ਦਿੱਤਾ ਸੀ। ਹੁਣ ਫਿਰ ਉਹੋ ਜਿਹੇ ਹੀ ਹਾਲਾਤ ਸਨ ਕਿ ਜਦੋਂ ਲਾਹੌਰ ਦਰਬਾਰ ਦਾ ਅਗੇਤਰਾ ਦਸਤਾ ਅਫ਼ਗਾਨ ਫ਼ੌਜਾਂ ਵਿਚ ਘਿਰਿਆ ਪਿਆ ਸੀ। ਅਕਾਲੀ ਫੂਲਾ ਸਿੰਘ ਜਾਣਦੇ ਸਨ ਕਿ ਹੁਣ ਪਲ ਭਰ ਵੀ ਸੋਚਣ ਜਾਂ ਉਡੀਕਣ ਦਾ ਅਵਸਰ ਨਹੀਂ ਰਿਹਾ। ਜੇ ਘਿਰੇ ਹੋਏ ਸਿੰਘਾਂ ਨੂੰ ਤੁਰੰਤ ਮਦਦ ਨਾ ਪਹੁੰਚੀ ਤਾਂ ਬੜਾ ਭਾਰੀ ਨੁਕਸਾਨ ਹੋ ਜਾਵੇਗਾ। ਉਨ੍ਹਾਂ ਉਸੇ ਵੇਲੇ ਅਰਦਾਸਾ ਸੋਧਿਆ ਤੇ ਆਪਣੇ ਜਥੇ ਨੂੰ ਨਾਲ ਲੈ ਕੇ ਅਟਕ ਵਿੱਚ ਠਿਲ੍ਹ ਪਏ। ਇਹ ਵੇਖ ਕੇ ਬਾਕੀ ਫੌਜ ਵੀ ਘੋੜਿਆਂ ਜਾਂ ਹਾਥੀਆਂ ਸਮੇਤ ਨਦੀ ਵਿੱਚ ਠਿਲ੍ਹ ਪਈ। ਮਹਾਰਾਜਾ ਰਣਜੀਤ ਸਿੰਘ ਆਪ ਹਾਥੀ ਤੇ ਸਵਾਰ ਸਨ। ਲੜਾਈ ਦੇ ਸਮਾਨ-ਤੰਬੂਆਂ ਅਤੇ ਤੋਪਾਂ ਨੂੰ ਵੀ ਹਾਥੀਆਂ ਤੇ ਲੱਦ ਕੇ ਪਾਰ ਕੀਤਾ ਗਿਆ। ਨਦੀ ਪਾਰ ਕਰਦੇ ਹੋਏ ਅਨੇਕਾਂ ਸਿੰਘ ਨਦੀ ਦੀ ਭੇਂਟ ਹੋ ਗਏ।

**ਨਦੀ ਪਾਰ ਕਰਦਿਆਂ ਹੀ, ਅਕਾਲੀ ਫੂਲਾ ਸਿੰਘ ਦੇ ਨਿਹੰਗ, ਅਫ਼ਗਾਨਾਂ ਅਤੇ ਖਟਕਾਂ ਦੀ ਫੌਜ ਤੇ ਭੁੱਖੇ ਸ਼ੇਰਾਂ ਵਾਂਗ ਟੁੱਟ ਕੇ ਪੈ ਗਏ ਤੇ ਜਾਂਦਿਆਂ ਹੀ ਤਲਵਾਰਾਂ, ਖੰਡਿਆਂ ਤੇ ਦੁਧਾਰੀ ਕੁਹਾੜੀਆਂ ਨਾਲ ਉਨ੍ਹਾਂ ਦੀ ਕੱਟਾ ਵੱਢੀ ਸ਼ੁਰੂ ਕਰ ਦਿੱਤੀ।** ਅਫ਼ਗਾਨਾਂ ਨੂੰ ਆਸ ਨਹੀਂ ਸੀ ਕਿ ਖਾਲਸਾ ਫੌਜਾਂ ਇਤਨੀ ਜਲਦੀ ਨਦੀ ਪਾਰ ਕਰਕੇ ਉਨ੍ਹਾਂ ਤੇ ਆ ਪੈਣਗੀਆਂ। ਅਕਾਲੀ ਫੂਲਾ ਸਿੰਘ ਦਾ ਨਾਮ ਤਾਂ ਵੈਸੇ ਹੀ ਉਨ੍ਹਾਂ ਲਈ 'ਹਊਆ' ਬਣ ਚੁੱਕਾ ਸੀ। ਅਫ਼ਗਾਨ ਉਨ੍ਹਾਂ ਦੇ ਨਾਮ ਤੋਂ ਥਰ-ਥਰ ਕੰਬਦੇ ਸਨ। **ਹੁਣ ਅਕਾਲੀ ਫੂਲਾ ਸਿੰਘ ਦੇ ਨਦੀ ਪਾਰ ਪਹੁੰਚਦਿਆਂ ਹੀ ਅਫਗਾਨਾਂ ਵਿੱਚ ਭਾਜੜ ਪੈ ਗਈ ਅਤੇ ਉਨ੍ਹਾਂ ਦੇ ਪੈਰ ਉਖੜ ਗਏ।** ਉਧਰ ਜਦੋਂ ਸ਼ਹਿਜ਼ਾਦਾ ਸ਼ੇਰ ਸਿੰਘ ਤੇ ਹਰੀ ਸਿੰਘ ਨਲੂਆ ਨੂੰ ਖਾਲਸੇ ਦੇ ਦਲ ਦੇ ਮੈਦਾਨ ਵਿਚ ਪਹੁੰਚ ਜਾਣ ਦੀ ਖਬਰ ਮਿਲੀ ਤਾਂ ਉਨ੍ਹਾਂ ਵੀ ਕਿਲ੍ਹੇ ਚੋਂ ਨਿਕਲ ਕੇ ਅਫਗਾਨਾਂ ਅਤੇ ਖਟਕਾਂ ਨੂੰ ਉਹ ਮਾਰ ਮਾਰੀ ਕਿ 'ਧਰਮ ਯੁੱਧ' ਕਰਨ ਆਏ ਗਾਜ਼ੀ ਆਪਣੀਆਂ ਜਾਨਾਂ ਬਚਾ ਕੇ ਮੈਦਾਨ ਚੋਂ ਨੱਸ ਖੜੇ ਹੋਏ। ਇੱਥੋਂ ਨੱਸ ਕੇ ਉਨ੍ਹਾਂ ਨੇ ਨੋਸ਼ਹਿਰੇ ਦੇ ਸਥਾਨ ਤੇ ਜਾ ਕੇ ਸਾਹ ਲਿਆ ਜਿੱਥੇ ਅਣਗਿਣਤ ਅਫਗਾਨ ਸੈਨਾ ਸਮੁੰਦ

ਖਾਂ ਖਟਕ ਦੀ ਕਮਾਨ ਥੱਲੇ ਆਸ ਪਾਸ ਦੀਆਂ ਪਹਾੜੀਆਂ ਵਿੱਚ ਮੋਰਚੇ ਗੱਡ ਕੇ ਜੰਗ ਲਈ ਤਿਆਰ ਬੈਠੀ ਸੀ। ਅਜ਼ੀਮ ਖਾਂ ਵੀ 30 ਹਜ਼ਾਰ ਤੋਂ ਵੱਧ ਅਫਗਾਨਾਂ ਦੀ ਫੌਜ ਲੈ ਕੇ ਪਿਸ਼ਾਵਰ ਤੋਂ ਚਲ ਚੁੱਕਾ ਸੀ।

ਮਹਾਰਾਜੇ ਨੇ ਜਹਾਂਗੀਰੇ ਅਤੇ ਖ਼ੈਰਾਬਾਦ ਦੇ ਕਿਲ੍ਹਿਆਂ ਤੇ ਫਿਰ ਅਧਿਕਾਰ ਜਮਾ ਕੇ ਅਕੋੜੇ ਦੇ ਮੈਦਾਨ ਵਿੱਚ ਜਾ ਡੇਰੇ ਲਾਏ। ਇੱਥੋਂ ਉਸ ਨੇ ਪਿਸ਼ਾਵਰ ਅਤੇ ਨੌਸ਼ਹਿਰੇ ਵੱਲ ਸੂਹੀਏ ਰਵਾਨਾ ਕੀਤੇ ਤਾਂ ਜੁ ਵੈਰੀ ਦਲਾਂ ਦੀ ਤਾਕਤ ਅਤੇ ਜੰਗੀ ਤਿਆਰੀ ਦਾ ਸਹੀ ਸਹੀ ਪਤਾ ਲਗ ਸਕੇ।

**ਸ੍ਰ. ਜੈ ਸਿੰਘ ਅਟਾਰੀ ਵਾਲੇ ਦਾ ਆਉਣਾ :** ਮਹਾਰਾਜੇ ਦੀਆਂ ਫੌਜਾਂ ਅਕੋੜੇ ਦੇ ਮੈਦਾਨ ਵਿੱਚ ਡੇਰੇ ਪਾਈ ਬੈਠੀਆਂ ਸਨ। ਅਕਾਲੀ ਫੂਲਾ ਸਿੰਘ ਤੇ ਉਨ੍ਹਾਂ ਦੇ ਸਾਥੀ ਸ਼ਾਮ ਦੇ ਦੀਵਾਨ ਵਿੱਚ ਜੁੜੇ ਹੋਏ ਸਨ। **ਇਹ ਅਕਾਲੀ ਫੂਲਾ ਸਿੰਘ ਦਾ ਪੱਕਾ ਨੇਮ ਸੀ ਕਿ ਚਾਹੇ ਲੜਾਈ ਦਾ ਮੈਦਾਨ ਹੋਵੇ ਜਾਂ ਅਮਨ ਦੇ ਦਿਨ, ਉਹ ਆਪਣਾ ਨਿਤਨੇਮ ਕਦੇ ਨਹੀਂ ਸਨ ਖੁੰਝਣ ਦੇਂਦੇ। ਵੱਰ੍ਹਦੀ ਅੱਗ ਤੇ ਸ਼ੂਕਦੇ ਤੀਰਾਂ ਦੀ ਛਾਂ ਥੱਲੇ ਵੀ ਉਹ ਸੰਗਤ ਜੋੜ ਕੇ ਕੀਰਤਨ ਕਰਨ ਬੈਠ ਜਾਇਆ ਕਰਦੇ ਸਨ। ਉਨ੍ਹਾਂ ਦਾ ਸਭ ਤੋਂ ਵੱਡਾ ਆਸਰਾ ਅਕਾਲ ਪੁਰਖ ਅੱਗੇ ਸੱਚੇ ਮਨ ਨਾਲ ਕੀਤੀ ਅਰਦਾਸ ਹੁੰਦਾ ਸੀ। ਉਹ ਇੱਕ ਵਾਰ ਅਰਦਾਸਾ ਸੋਧ ਕੇ ਕਦੇ ਵੀ ਆਪਣੇ ਕਦਮ ਪਿੱਛੇ ਨਹੀਂ ਸਨ ਹਟਾਇਆ ਕਰਦੇ।** ਉਨ੍ਹਾਂ ਨੂੰ ਆਪਣੇ ਆਪ ਅਤੇ ਅਕਾਲ ਪੁਰਖ ਤੇ ਇਤਨਾ ਵਿਸ਼ਵਾਸ ਸੀ ਕਿ ਉਹ ਬਿਨਾਂ ਸੰਸਾਰੀ ਆਸਰਿਆਂ ਦੀ ਭਾਲ ਕੀਤੇ ਵੱਡੇ ਤੋਂ ਵੱਡੇ ਖਤਰਿਆਂ ਦਾ ਮੁਕਾਬਲ ਕਰਨ ਲਈ ਇਕੱਲ੍ਹੇ ਹੀ ਠਿਲ੍ਹ ਪਿਆ ਕਰਦੇ ਸਨ। ਹੁਣ ਦਾ ਸ਼ਾਮ ਦਾ ਦੀਵਾਨ ਵੀ ਅਕਾਲ ਪੁਰਖ ਅੱਗੇ ਅਰਦਾਸ ਅਤੇ ਅਰੋਜ਼ੋਈ ਕਰਨ ਵਾਸਤੇ ਹੀ ਸੀ ਕਿ **'ਹੇ ਸਰਬ ਸ਼ਕਤੀਮਾਨ, ਜਿੱਤ ਖਾਲਸੇ ਦੀ ਹੀ ਹੋਵੇ ਜੋ ਗਾਜ਼ੀਆਂ ਦੇ ਜਹਾਦ (ਧਰਮ ਯੁੱਧ) ਦਾ ਮੁਕਾਬਲਾ ਕਰਨ ਲਈ ਲਾਹੌਰ ਤੋਂ ਸੈਂਕੜੇ ਮੀਲ ਦੂਰ ਪਠਾਣ ਸ਼ਕਤੀ ਦੇ ਇਸ ਗੜ੍ਹ ਵਿੱਚ ਪੜਾ ਪਾਈ ਬੈਠੇ ਸਨ।'**

ਦੀਵਾਨ ਦੀ ਸਮਾਪਤੀ ਹੋਈ ਹੀ ਸੀ ਕਿ ਸ੍ਰ. ਜੈ ਸਿੰਘ ਅਟਾਰੀ ਵਾਲਾ ਆਪਣੇ ਕੁਝ ਸਾਥੀਆਂ ਸਮੇਤ ਪੰਡਾਲ ਵਿੱਚ ਦਾਖਲ ਹੋਇਆ। 1821 ਵਿੱਚ ਉਹ ਪੰਜਾਬ ਚੋਂ ਨੱਸ ਕੇ ਕਾਬਲ ਦੇ ਬਾਰਕਜ਼ਈ ਭਰਾਵਾਂ (ਅਜ਼ੀਮ ਖਾਂ ਅਤੇ ਦੋਸਤ ਮੁਹੰਮਦ ਖਾਂ ਆਦਿ) ਦੀ ਸ਼ਰਨ ਵਿੱਚ ਚਲਾ ਗਿਆ ਸੀ। ਉਸ ਉਪਰ ਦੋਸ਼ ਸੀ ਕਿ ਉਹ ਮਹਾਰਾਜੇ ਵਿਰੁੱਧ ਗੋਂਦਾ ਗੁੰਦ ਕੇ ਉਸ ਨੂੰ ਨੁਕਸਨ ਪਹੁੰਚਾਣਾ ਚਾਹੁੰਦਾ ਸੀ।

ਹੁਣ ਜਦੋਂ ਜਹਾਂਗੀਰੇ ਦੇ ਨੇੜੇ ਸਿੰਘਾਂ ਦੀ ਅਫਗਾਨਾਂ ਨਾਲ ਪਹਿਲੀ ਟੱਕਰ ਹੋਈ ਤਾਂ ਅਜ਼ੀਮ ਖਾਂ ਦੇ ਭਤੀਜੇ ਮੁਹੰਮਦ ਜ਼ਮਾਨ ਖਾਨ ਨੇ ਖ਼ੈਰਾਬਾਦ ਦੇ ਨੇੜੇ ਸ਼ਹੀਦ ਹੋਏ 30 ਸਿੰਘਾਂ ਦੇ ਸਿਰ ਆਪਣੇ ਚਾਚੇ ਦੇ ਪੈਰਾਂ ਵਿੱਚ ਲਿਜਾਕੇ ਰੱਖੇ ਤੇ ਨਾਲ ਹੀ ਬੜੇ ਹੰਕਾਰ ਵਿੱਚ ਆ ਕੇ ਕਹਿਣ ਲਗਾ ਕਿ 'ਜੇ ਅੱਲਾ ਨੇ ਚਾਹਿਆ ਤਾਂ ਬਾਕੀ ਖਾਲਸਾ ਫੌਜਾਂ ਦਾ ਹਸ਼ਰ ਵੀ ਇਹੀ ਹੋਵੇਗਾ।' ਉਸ ਨੇ ਕਟੇ ਹੋਏ ਸਿਰਾਂ ਨੂੰ ਜ਼ਮੀਨ ਤੇ ਪਟਕਿਆ ਤੇ ਪੈਰ ਨਾਲ ਠੋਕਰ ਮਾਰ ਕੇ

ਸਿੰਘਾਂ ਦੀ ਹਾਸੀ ਉਡਾਈ। ਜੈ ਸਿੰਘ ਅਟਾਰੀ ਵਾਲਾ ਵੀ ਅਜ਼ੀਮ ਖਾਂ ਦੇ ਨਾਲ ਹੀ ਸੀ। ਅਜ਼ੀਮ ਖਾਂ ਉਸ ਨੂੰ ਰਣਜੀਤ ਸਿੰਘ ਵਿਰੁੱਧ ਲੜਣ ਲਈ ਕਾਬਲ ਤੋਂ ਆਪਣੇ ਨਾਲ ਲਿਆਇਆ ਹੋਇਆ ਸੀ। ਜਦੋਂ ਜੈ ਸਿੰਘ ਨੇ ਆਪਣੇ ਸਿੱਖ ਭਰਾਵਾਂ ਦਾ ਅਫਗਾਨਾਂ ਦੇ ਕੈਂਪ ਵਿੱਚ ਇਹ ਹਸ਼ਰ ਹੁੰਦਾ ਵੇਖਿਆ ਤਾਂ ਉਸਦੇ ਮਨ ਨੂੰ ਗਹਿਰੀ ਚੋਟ ਲੱਗੀ। ਉਸਦੀਆਂ ਅੱਖਾਂ ਵਿੱਚ ਪਛਤਾਵੇ ਦੇ ਅੱਥਰੂ ਭਰ ਆਏ ਤੇ ਉਹ ਆਪਣੇ ਸਾਥੀਆਂ ਨੂੰ ਨਾਲ ਲੈ ਕੇ ਅਕਾਲੀ ਫੂਲਾ ਸਿੰਘ ਦੇ ਕੋਲ ਆ ਗਿਆ। ਉਸ ਨੇ ਸੰਗਤ ਦੇ ਰੂਬਰੂ ਹੋ ਕੇ ਮਾਫ਼ੀ ਮੰਗੀ ਤੇ ਅਕਾਲੀ ਫੂਲਾ ਸਿੰਘ ਨੂੰ ਬੇਨਤੀ ਕੀਤੀ ਕਿ ਉਹ ਉਸ ਨੂੰ ਮਹਾਰਾਜੇ ਕੋਲ ਲਿਜਾ ਕੇ ਉਸ ਦੇ ਪਿਛਲੇ ਗੁਨ੍ਹਾਵਾਂ ਨੂੰ ਮਾਫ ਕਰਵਾ ਦੇਣ। ਸੱਚੇ ਦਿਲ ਅਤੇ ਪਛਤਾਵੇ ਦੀ ਭਾਵਨਾ ਨਾਲ ਮੰਗੀ ਹੋਈ ਮਾਫ਼ੀ ਤੋਂ ਵੱਧ ਹੋਰ ਸਜਾ ਕੀ ਹੋ ਸਕਦੀ ਸੀ? ਅਕਾਲੀ ਫੂਲਾ ਸਿੰਘ ਨੇ ਜੈ ਸਿੰਘ ਨੂੰ ਧੀਰਜ ਦਿੱਤਾ ਤੇ ਵਿਸ਼ਵਾਸ ਦੁਆਇਆ ਕਿ ਮਹਾਰਾਜਾ ਉਸਦੇ ਵਿਰੁੱਧ ਬਦਲੇ ਦੀ ਕੋਈ ਕਾਰਵਾਈ ਨਹੀਂ ਕਰੇਗਾ। ਉਹ ਜੈ ਸਿੰਘ ਨੂੰ ਨਾਲ ਲੈ ਕੇ ਸਿੱਧੇ ਮਹਾਰਾਜੇ ਦੇ ਤੰਬੂ ਵਿੱਚ ਪਹੁੰਚੇ ਤੇ ਜਾ ਕੇ ਫਤਹਿ ਗਜਾਈ। ਫਿਰ ਉਨ੍ਹਾਂ ਨੇ ਜੈ ਸਿੰਘ ਦੇ ਪਛਤਾਵੇ ਦੀ ਗੱਲ ਕੀਤੀ ਤੇ ਉਸਦੀਆਂ ਪਹਿਲੀਆਂ ਗਲਤੀਆਂ ਨੂੰ ਨਜ਼ਰਅੰਦਾਜ਼ ਕਰਵਾ ਕੇ ਉਸ ਨੂੰ ਮਹਾਰਾਜੇ ਕੋਲੋਂ ਮਾਫ਼ੀ ਦੁਆ ਦਿੱਤੀ। **ਜੈ ਸਿੰਘ ਦੇ ਆ ਜਾਣ ਨਾਲ ਲਾਹੌਰ ਦਰਬਾਰ ਦੀਆਂ ਫੌਜਾਂ ਨੂੰ ਸਭ ਤੋਂ ਵੱਡਾ ਲਾਭ ਇਹ ਹੋਇਆ ਕਿ ਉਨ੍ਹਾਂ ਨੂੰ ਅਫ਼ਗਾਨਾਂ ਦੇ ਮਨ ਵਿੱਚ ਪਏ ਹੋਏ ਤੌਖਲੇ, ਡਰ ਅਤੇ ਉਨ੍ਹਾਂ ਦੀਆਂ ਕਈ ਜੰਗੀ ਨੀਤੀਆਂ ਦਾ ਪਤਾ ਚਲ ਗਿਆ।** ਜੈ ਸਿੰਘ ਨੇ ਮਹਾਰਾਜੇ ਨੂੰ ਅਫ਼ਗਾਨਾਂ ਦੀ ਸੈਨਿਕ ਸ਼ਕਤੀ ਅਤੇ ਟਿਕਾਣਿਆਂ ਦੀ ਵੀ ਪੂਰੀ ਜਾਣਕਾਰੀ ਦਿੱਤੀ। ਇਸ ਮਹੱਤਵਪੂਰਨ ਜਾਣਕਾਰੀ ਦੇ ਮਿਲਣ ਨਾਲ ਅਫ਼ਗਾਨਾਂ ਵਿਰੁੱਧ ਹੋਣ ਵਾਲੀ ਲੜਾਈ ਵਿੱਚ ਬੜਾ ਲਾਭ ਹੋਇਆ।

**ਅਕਾਲੀ ਫੂਲਾ ਸਿੰਘ ਦਾ ਅਰਦਾਸ ਕਰਕੇ ਨੌਸ਼ਹਿਰੇ ਵੱਲ ਵਧਣਾ :** 22 ਦਸੰਬਰ 1822 ਦੀ ਰਾਤ ਮੁਕਣ ਵਾਲੀ ਸੀ। ਅਕੋੜੇ ਦੇ ਮੈਦਾਨ ਵਿੱਚ ਡੇਰੇ ਲਾਈ ਬੈਠੀ ਖਾਲਸਾ ਫੌਜ ਜਾਗ ਰਹੀ ਸੀ। ਇੱਕ ਸੂਹੀਏ ਨੇ ਰਣਜੀਤ ਸਿੰਘ ਨੂੰ ਆ ਕੇ ਖਬਰ ਦਿੱਤੀ ਕਿ ਅਜ਼ੀਮ ਖਾਂ ਪਿਸ਼ਾਵਰ ਤੋਂ ਚਲ ਕੇ ਲੰਡੇ ਦਰਿਆ ਦੇ ਪਾਰ ਪਹੁੰਚਣ ਵਾਲਾ ਹੈ। ਜੇ ਉਸਦੀ ਸੈਨਾ ਨੌਸ਼ਹਿਰੇ ਪਹੁੰਚ ਗਈ ਤਾਂ ਅਫਗਾਨਾਂ ਦੀ ਸ਼ਕਤੀ ਖਾਲਸਾ ਸੈਨਾ ਨਾਲੋਂ ਕਈ ਗੁਣਾਂ ਵਧ ਜਾਵੇਗੀ ਤੇ ਫਿਰ ਉਨ੍ਹਾਂ ਨੂੰ ਹਰਾ ਸਕਣਾ ਜੇ ਅਸੰਭਵ ਨਹੀਂ ਤਾਂ ਮੁਸ਼ਕਲ ਜ਼ਰੂਰ ਹੋ ਜਾਵੇਗਾ। ਮਹਾਰਾਜੇ ਨੇ ਝਟ ਪਟ ਆਪਣੀ ਜੰਗੀ ਕੌਂਸਲ ਸੱਦੀ ਤੇ ਫੈਸਲਾ ਹੋਇਆ ਕਿ ਸਵੇਰ ਦਾ ਸੂਰਜ ਨਿਕਲਦਿਆਂ ਹੀ ਵੈਰੀ ਤੇ ਹਮਲਾ ਬੋਲ ਦਿੱਤਾ ਜਾਵੇ। ਜਨਰਲ ਵੈਂਤੂਰਾ ਜਿਸ ਨੇ ਅਜੇ ਕੁਝ ਸਮਾਂ ਪਹਿਲਾਂ ਹੀ ਮਹਾਰਾਜੇ ਦੀ ਸੇਵਾ ਵਿੱਚ ਪ੍ਰਵੇਸ਼ ਕੀਤਾ ਸੀ, ਉਸ ਦਾ ਵੀ ਇਹੀ ਵਿਚਾਰ ਸੀ ਕਿ ਦੁਸ਼ਮਨਾਂ ਨੂੰ ਇਕੱਠੇ ਹੋਣ ਦਾ ਮੌਕਾ ਦੇਣ ਤੋਂ ਪਹਿਲਾਂ ਹੀ ਉਨ੍ਹਾਂ ਤੇ ਹਮਲਾ ਕਰ ਦੇਣ ਵਿੱਚ ਲਾਹੌਰ ਦਰਬਾਰ ਦਾ ਫ਼ਾਇਦਾ ਹੈ।

**ਜੰਗ ਦੇ ਮੈਦਾਨ ਵਿੱਚ ਹੀ ਅੰਮ੍ਰਿਤ ਵੇਲੇ ਆਸਾ ਜੀ ਦੀ ਵਾਰ ਦਾ ਕੀਰਤਨ ਹੋਇਆ। ਦੀਵਨ ਦੀ ਸਮਾਪਤੀ ਮਗਰੋਂ ਅਕਾਲੀ ਫੂਲਾ ਸਿੰਘ ਨੇ ਅਰਦਾਸਾ**

**ਸੋਧਿਆ ਤੇ ਅਕਾਲ ਪੁਰਖ ਪਾਸੋਂ ਖਾਲਸੇ ਦੀ ਸਫ਼ਲਤਾ ਦੀ ਮੰਗ ਕੀਤੀ। ਅਰਦਾਸ ਮਗਰੋਂ ਕੜਾਹ ਪ੍ਰਸ਼ਾਦਿ ਦੀ ਦੇਗ਼ ਵਰਤੀ ਤੇ ਖਾਲਸਾ ਫੌਜਾਂ ਨੌਸ਼ਹਿਰੇ ਵੱਲ ਮਾਰਚ ਕਰਨ ਲਈ ਤਿਆਰੀ ਵਿੱਚ ਲੱਗ ਗਈਆਂ।**

ਸੂਰਜ ਦੀ ਟਿੱਕੀ ਨਿਕਲਦਿਆਂ ਹੀ ਜੰਗ ਦਾ ਬਿਗਲ ਵਜਿਆ ਤੇ ਸਿਪਾਹੀ ਆਪਣੇ ਖੇਮਿਆਂ ਚੋਂ ਨਿਕਲ ਕੇ ਆਪਣੇ ਆਪਣੇ ਕਮਾਂਡਰਾਂ ਥੱਲੇ ਇਕੱਠੇ ਹੋਣੇ ਸ਼ੁਰੂ ਹੋ ਗਏ। ਮਹਾਰਾਜਾ ਰਣਜੀਤ ਸਿੰਘ ਆਪ ਘੋੜੇ ਤੇ ਸੁਆਰ ਹੋ ਕੇ, ਹੱਥ ਵਿੱਚ ਨੰਗੀ ਤਲਵਾਰ ਪਕੜੇ ਆਪਣੇ ਬਹਾਦਰ ਸਿਪਾਹੀਆਂ ਦਾ ਮੁਆਇਨਾਂ ਕਰ ਰਹੇ ਸਨ ਤੇ ਲੜਾਈ ਦੇ ਮੈਦਾਨ ਵੱਲ ਵਧਣ ਤੋਂ ਪਹਿਲਾਂ ਉਨ੍ਹਾਂ ਨੂੰ ਹੌਸਲਾ ਦੇ ਰਹੇ ਸਨ। ਲੜਾਈ ਦੇ ਮੈਦਾਨ ਵਿੱਚ ਭੇਜਣ ਤੋਂ ਪਹਿਲਾਂ ਉਨ੍ਹਾਂ ਨੇ ਆਪਣੀ ਫੌਜ ਨੂੰ ਤਿੰਨ ਭਾਗਾਂ ਵਿੱਚ ਵੰਡਿਆ। **ਪਹਿਲਾ ਜੱਥਾ ਉਹਨਾਂ ਨਿਹੰਗਾਂ ਦਾ ਸੀ ਜਿਨ੍ਹਾਂ ਨੇ ਅਕਾਲੀ ਫੂਲਾ ਸਿੰਘ ਦੀ ਕਮਾਨ ਥੱਲੇ ਅੱਗੇ ਵਧ ਕੇ ਅਫ਼ਗਾਨਾਂ ਨਾਲ ਜੰਗ ਸ਼ੁਰੂ ਕਰਨੀ ਸੀ। ਇਨ੍ਹਾਂ ਨੂੰ ਟਿੱਬਾ ਟੀਰੀ ਉੱਤੇ ਹਮਲਾ ਕਰਨ ਲਈ ਨੀਯਤ ਕੀਤਾ ਗਿਆ ਸੀ। ਇਹੀ ਉਹ ਥਾਂ ਸੀ ਜਿੱਥੇ ਜਹਾਦੀ ਅਫ਼ਗਾਨ ਮੋਰਚੇ ਗੱਡ ਕੇ ਪਹਾੜੀ ਚੋਟੀਆਂ ਤੇ ਤੈਨਾਤ ਬੈਠੇ ਸਨ। ਅਕਾਲੀ ਫੂਲਾ ਸਿੰਘ ਦੇ ਇਸ ਅਗੇਤਰੇ ਜਥੇ ਵਿੱਚ ਅੱਠ ਸੌ ਘੁੜ ਚੜ੍ਹੇ ਤੇ ਸੱਤ ਸੌ ਅਕਾਲੀ ਸਿੰਘ ਸਨ ਜਿਨ੍ਹਾਂ ਨੇ ਲੜਾਈ ਦੇ ਮੈਦਾਨ ਵਿੱਚ ਜਿੱਤ ਪ੍ਰਾਪਤ ਕਰਨ ਜਾਂ ਸ਼ਹੀਦ ਹੋ ਜਾਣ ਦਾ ਪ੍ਰਣ ਕੀਤਾ ਹੋਇਆ ਸੀ।** ਦੂਜਾ ਦਸਤਾ ਜਿਸ ਵਿੱਚ ਇੱਕ ਹਜ਼ਾਰ ਘੁੜ ਸੁਆਰ ਤੇ ਪੰਦਰਾਂ ਸੌ ਪੈਦਲ ਸਿਪਾਹੀ ਸਨ ਨੂੰ ਸ੍ਰ. ਤੇਜਾ ਸਿੰਘ ਮਜੀਠੀਆ ਤੇ ਸ੍ਰ. ਫਤਿਹ ਸਿੰਘ ਆਹਲੂਵਾਲੀਆ ਦੀ ਕਮਾਨ ਹੇਠ ਵੈਰੀ ਫੌਜਾਂ ਤੇ ਲਹਿੰਦੇ ਵਾਲੇ ਪਾਸਿਉਂ ਹਮਲਾ ਬੋਲਣ ਲਈ ਤਿਆਰ ਕੀਤਾ ਗਿਆ ਸੀ। ਇਨ੍ਹਾਂ ਨਾਲ ਗੋਰਖਾ ਕਮਾਂਡਰ ਬਲਭੱਦਰ ਤੇ ਨਜੀਬ ਮੁਸਲਮਾਨਾਂ ਦੀਆਂ ਤਿੰਨ ਪਲਟਨਾਂ ਤੇ ਛੇ ਛੋਟੀਆਂ ਤੋਪਾਂ ਵੀ ਸਨ। ਤੀਜਾ ਦਸਤਾ ਸ਼ਾਹਿਜ਼ਾਦਾ ਖੜਕ ਸਿੰਘ, ਸ੍ਰ. ਹਰੀ ਸਿੰਘ ਨਲੂਆ, ਜਨਰਲ ਅਲਾਰਡ ਤੇ ਸ੍ਰ. ਰਤਨ ਸਿੰਘ ਅਰਜਾਖੀਏ ਦੀ ਕਮਾਨ ਥੱਲੇ ਸੀ ਜਿਨ੍ਹਾਂ ਦਾ ਕੰਮ ਵੈਰੀ ਫੌਜਾਂ ਨੂੰ ਅੱਗੇ ਵੱਧਣ ਤੋਂ ਰੋਕਣਾ ਤੇ ਪਹਿਲੇ ਦੋ ਦਸਤਿਆਂ ਨੂੰ ਮਦਦ ਪਹੁੰਚਾਣਾ ਸੀ। ਇਸ ਜਥੇ ਵਿੱਚ ਦੋ ਹਜ਼ਾਰ ਸਵਾਰ, ਤਿੰਨ ਹਜ਼ਾਰ ਪੈਦਲ ਤੇ ਕੁਝ ਹੌਲੀਆਂ ਸ਼ੁਤਰੀ ਤੋਪਾਂ ਸ਼ਾਮਲ ਸਨ। **ਸਭ ਤੋਂ ਔਖਾ ਕੰਮ ਅਕਾਲੀ ਫੂਲਾ ਸਿੰਘ ਦੇ ਜਥੇ ਦਾ ਸੀ ਜਿਨ੍ਹਾਂ ਨੇ ਅੱਗੇ ਵੱਧ ਕੇ ਲੜਾਈ ਸ਼ੁਰੂ ਕਰਨੀ ਸੀ ਤੇ ਅਫ਼ਗਾਨਾਂ ਦੇ ਪਹਾੜੀ ਮੋਚਿਆਂ ਨੂੰ ਤੋੜਣਾ ਸੀ।**

ਸਾਰੀ ਤਿਆਰੀ ਹੋ ਜਾਣ ਮਗਰੋਂ ਅੱਗੇ ਕੂਚ ਕਰਨ ਦਾ ਬਿਗਲ ਵਜਿਆ। ਅਕਾਲੀ ਫੂਲਾ ਸਿੰਘ ਤੇ ਉਸਦੇ ਸਾਥੀ ਸਤਿ ਸ੍ਰੀ ਅਕਾਲ ਦੇ ਜੈਕਾਰੇ ਬੁਲਾਂਦੇ ਮਹਾਰਾਜੇ ਦੇ ਅੱਗੋਂ ਦੀ ਲੰਘਣੇ ਸ਼ੁਰੂ ਹੋ ਗਏ। **ਮਹਾਰਾਜੇ ਨੇ ਸਤਿ ਸ੍ਰੀ ਅਕਾਲ ਦੇ ਜੈਕਾਰਿਆਂ ਦਾ ਜੁਆਬ ਜੈਕਾਰਿਆਂ ਨਾਲ ਦਿੱਤਾ ਤੇ ਅਕਾਲੀ ਫੂਲਾ ਸਿੰਘ ਨੂੰ ਕਿਹਾ, 'ਅਕਾਲੀ ਜੀ ਹੁਣ ਖਾਲਸਾ ਰਾਜ ਦੀ ਰੱਖਿਆ ਦਾ ਭਾਰ ਤੁਹਾਡੇ ਮੋਢ੍ਹਿਆ ਤੇ ਹੈ। ਇਸ ਦੀ ਲਾਜ ਤੁਸਾਂ ਹੀ ਰੱਖਣੀ ਹੈ'।** ਅਕਾਲੀ ਫੂਲਾ ਸਿੰਘ ਨੇ ਨੰਗੀ ਤਲਵਾਰ ਉਪਰ ਕੀਤੀ ਤੇ ਕਿਹਾ,

**'ਗੁਰੂ ਭਲੀ ਕਰੇਗਾ, ਸਤਿਗੁਰੂ ਤੇ ਭਰੋਸਾ ਰੱਖੋ'।** ਇਹ ਕਹਿੰਦੇ ਹੋਏ ਅਕਾਲੀ ਜੀ ਅੱਗੇ ਲੰਘ ਗਏ।

ਜੈਕਾਰੇ ਗਜਾਂਦਿਆਂ ਅਜੇ ਅਕਾਲੀਆਂ ਦਾ ਜਥਾ ਮਹਾਰਾਜੇ ਦੇ ਸਾਹਮਣਿਉਂ ਲੰਘਿਆ ਹੀ ਸੀ ਕਿ ਇੱਕ ਹੋਰ ਸੂਹੀਆ ਨਸਿਆ ਨਸਿਆ ਆਇਆ ਤੇ ਉਸ ਨੇ ਮਹਾਰਾਜੇ ਨੂੰ ਖ਼ਬਰ ਦਿੱਤੀ ਕਿ 'ਅਜ਼ੀਮ ਖਾਂ ਆਪਣੇ ਦਸ ਹਜ਼ਾਰ ਚੁਣੇ ਹੋਏ ਅਫ਼ਗਾਨ ਸੈਨਿਕਾਂ ਤੇ ਚਾਲੀ ਵੱਡੀਆਂ ਤੋਪਾਂ ਨਾਲ ਪੇਸ਼ਗੀ ਦੇ ਨੇੜੇ, ਨੌਸ਼ਹਿਰੇ ਤੋਂ ਚਾਰ ਕੋਹ ਲਹਿੰਦੇ ਵੱਲ ਪਹੁੰਚ ਚੁਕਾ ਹੈ ਤੇ ਉਸਦੀ ਬਾਕੀ ਦੀ ਫ਼ੌਜ ਵੱਖੋ ਵੱਖਰੀਆਂ ਦਿਸ਼ਾਵਾਂ ਵੱਲੋਂ ਇਧਰ ਵਧਦੀ ਆ ਰਹੀ ਹੈ। ਅਜ਼ੀਮ ਖਾਂ ਦੇ ਭਰਾ ਦੋਸਤ ਮੁਹੰਮਦ ਖਾਂ ਤੇ ਜਬੱਾਰ ਖਾਂ ਪਹਿਲਾਂ ਹੀ ਆਪਣੀਆਂ ਫੌਜਾਂ ਲੈ ਕੇ ਟਿੱਬਾ ਟੀਰੀ ਪਹੁੰਚ ਚੁੱਕੇ ਹਨ।' ਸੂਹੀਏ ਨੇ ਸਪਸ਼ਟ ਸ਼ਬਦਾਂ ਵਿੱਚ ਕਿਹਾ ਕਿ ਉਨ੍ਹਾਂ ਅਫ਼ਗਾਨਾਂ ਦੀ ਤਾਕਤ ਐਸ ਵੇਲੇ ਸਾਡੇ ਤੋਂ ਕਈ ਗੁਣਾ ਵੱਧ ਚੁੱਕੀ ਹੈ। ਉਸਨੇ ਇਹ ਵੀ ਕਿਹਾ ਕਿ ਜਿਤਨੀ ਦੇਰ ਤੱਕ ਲਾਹੌਰ ਤੋਂ ਹੋਰ ਤਾਜ਼ਾ ਦੰਮ ਫ਼ੌਜ ਪਹੁੰਚ ਨਹੀਂ ਜਾਂਦੀ, ਸਾਨੂੰ ਹਮਲਾ ਕਰਨ ਵਿੱਚ ਕਾਹਲ ਨਹੀਂ ਕਰਨੀ ਚਾਹੀਦੀ।

ਸੂਹੀਏ ਦੁਆਰਾ ਲਿਆਂਦੀ ਗਈ ਤਾਜ਼ਾ ਖਬਰ ਨੂੰ ਸੁਣਕੇ ਮਹਾਰਾਜਾ ਰਣਜੀਤ ਸਿੰਘ ਪਲ ਭਰ ਲਈ ਸੋਚਾਂ ਵਿੱਚ ਪੈ ਗਿਆ। ਉਸ ਨੇ ਝਟ ਪਟ ਦੋ ਘੁੜ ਸੁਆਰਾਂ ਨੂੰ ਅਕਾਲੀ ਫੂਲਾ ਸਿੰਘ ਦੇ ਮਗਰ ਭੇਜਿਆ ਤੇ ਉਨ੍ਹਾਂ ਨੂੰ ਰੁਕ ਜਾਣ ਦੇ ਆਦੇਸ਼ ਭੇਜ ਦਿੱਤੇ। ਮਹਾਰਾਜੇ ਨੇ ਘੋੜੇ ਤੇ ਬੈਠਿਆਂ ਬੈਠਿਆਂ ਹੀ ਪਲ ਛਿੰਣ ਵਿੱਚ ਇਹ ਫੈਸਲਾ ਕਰ ਲਿਆ ਸੀ ਕਿ ਜਿਤਨੀ ਦੇਰ ਤੱਕ ਜਨਰਲ ਵੈਨਤੂਰਾ ਦੀ ਨਿਰਗਾਨੀ ਹੇਠ ਆ ਰਿਹਾ ਤੋਪਖਾਨਾ ਤੇ ਖਾਲਸਾ ਦਰਬਾਰ ਦੀ ਬਾਕੀ ਫੌਜ ਇੱਥੇ ਪਹੁੰਚ ਨਹੀਂ ਜਾਂਦੀ, ਉਤਨੀ ਦੇਰ ਤੱਕ ਹਮਲਾ ਕਰਨ ਦਾ ਪ੍ਰੋਗਰਾਮ ਮੁਲਤਵੀ ਕਰ ਦਿੱਤਾ ਜਾਵੇ। ਮਹਾਰਾਜੇ ਨੂੰ ਜਨਰਲ ਵੈਨਤੂਰਾ ਦੇ ਰਾਤ ਤੱਕ ਪਹੁੰਚ ਜਾਣ ਦੀ ਆਸ ਸੀ।

ਮਹਾਰਾਜੇ ਵੱਲੋਂ ਭੇਜੇ ਗਏ ਘੁੜ ਸਵਾਰਾਂ ਨੇ ਜਦੋਂ ਮਹਾਰਾਜੇ ਦੇ ਨਵੇਂ ਆਦੇਸ਼ ਦੀ ਸੂਚਨਾ ਅਕਾਲੀ ਫੂਲਾ ਸਿੰਘ ਨੂੰ ਦਿੱਤੀ ਤਾਂ ਉਹ ਬੀਰ ਰਸ ਵਿੱਚ ਭਖਦੇ ਮਹਾਰਾਜੇ ਕੋਲ ਵਾਪਸ ਪਰਤੇ ਤੇ ਅੱਗੇ ਵਧ ਰਹੀਆਂ ਫੌਜਾਂ ਨੂੰ ਅਚਾਨਕ ਰੋਕ ਦੇਣ ਦਾ ਕਾਰਨ ਜਾਣਨਾ ਚਾਹਿਆ। ਮਹਾਰਾਜੇ ਨੇ ਸੂਹੀਏ ਵੱਲੋਂ ਲਿਆਂਦੀ ਖ਼ਬਰ ਦੀ ਜਾਣਕਾਰੀ ਦਿੰਦਿਆਂ ਅਕਾਲੀ ਫੂਲਾ ਸਿੰਘ ਨੂੰ ਕਿਹਾ ਕਿ ਅੱਜ ਦੁਸ਼ਮਨ ਦੀ ਤਾਕਤ ਬਹੁਤ ਜ਼ਿਆਦਾ ਹੈ। ਸਾਡੀ ਫ਼ੌਜ ਥੋੜ੍ਹੀ ਤੇ ਤੋਪਖਾਨਾ ਕਮਜ਼ੋਰ ਹੈ। ਫੌਜੀ ਨੀਤੀ ਨੂੰ ਧਿਆਨ ਵਿੱਚ ਰੱਖਦਿਆਂ ਇਹੀ ਫੈਸਲਾ ਕੀਤਾ ਗਿਆ ਹੈ ਕਿ ਅਫ਼ਗਾਨ ਵੈਰੀਆਂ ਉਪਰ ਹਮਲਾ ਕਰਨ ਦਾ ਪ੍ਰੋਗਰਾਮ ਕਲ੍ਹ ਤੱਕ ਮੁਲਤਵੀ ਕਰ ਦਿੱਤਾ ਜਾਵੇ। ਲਾਹੌਰ ਦਰਬਾਰ ਤੋਂ ਆ ਰਹੀ ਬਾਕੀ ਫੌਜ ਤੇ ਤੋਪਖਾਨਾ ਰਾਤ ਤੱਕ ਪਹੁੰਚ ਜਾਵੇਗਾ ਤੇ ਅਗਲੀ ਭਲਕ ਅਸੀਂ ਪੂਰੀ ਸ਼ਕਤੀ ਅਤੇ ਤਿਆਰੀ ਨਾਲ ਦੁਸ਼ਮਨਾਂ ਤੇ ਹਮਲਾ ਬੋਲ ਕੇ ਉਨ੍ਹਾਂ ਨੂੰ ਹਾਰ ਦੇ ਸਕਾਂਗੇ।

**ਅਕਾਲੀ ਫੂਲਾ ਸਿੰਘ ਨੇ ਜਦੋਂ ਮਹਾਰਾਜੇ ਦੀਆਂ ਦਲੀਲਾਂ ਸੁਣੀਆਂ ਤਾਂ ਉਹ ਗੁੱਸੇ ਵਿੱਚ ਆ ਗਏ ਤੇ ਕਹਿਣ ਲੱਗੇ, 'ਮਹਾਰਾਜਾ ਸਾਹਿਬ, ਤੁਸੀਂ ਕੈਸੇ ਗੁਰਸਿੱਖ ਹੋ? ਕੀ ਤੁਹਾਨੂੰ ਆਪਣੇ ਗੁਰੂ ਤੇ ਭਰੋਸਾ ਨਹੀਂ? ਕੀ ਤੁਸੀਂ ਇਹ ਨਹੀਂ**

**ਜਾਣਦੇ ਕਿ ਖਾਲਸਾ ਗੁਰੂ ਕੇ ਹਜ਼ੂਰ ਅਰਦਾਸ ਕਰਕੇ ਫਿਰ ਕਦਮ ਪਿੱਛੇ ਨਹੀਂ ਹਟਾਇਆ ਕਰਦਾ। ਕੀ ਤੁਸੀਂ ਭੁਲ ਗਏ ਹੋ ਕਿ ਅੱਜ ਦੇ ਦੀਵਾਨ ਵਿੱਚ ਕੀ 'ਗੁਰਮੱਤਾ' ਸੋਧਿਆ ਗਿਆ ਸੀ? ਅਸੀਂ ਤਾਂ ਗੁਰੂ ਚਰਨਾਂ ਵਿੱਚ ਲੜਾਈ ਜਿੱਤਣ ਜਾਂ ਸ਼ਹੀਦ ਹੋ ਜਾਣ ਦਾ ਅਰਦਾਸਾ ਸੋਧ ਚੁੱਕੇ ਹਾਂ। ਹੁਣ ਸੋਧੇ ਹੋਏ ਅਰਦਾਸੇ ਮਗਰੋਂ ਉਸ ਤੇ ਅਮਲ ਨਾ ਕਰਨਾ ਗੁਰੂ ਤੋ ਬੇਮੁਖ ਹੋਣ ਦੇ ਬਰਾਬਰ ਹੈ। ਤੁਹਾਡੀ ਯੁੱਧ ਨੀਤੀ ਚਾਹੇ ਕੁਝ ਵੀ ਕਹਿੰਦੀ ਹੋਵੇ, ਅਸਾਂ ਤਾਂ ਵੈਰੀਆਂ ਨਾਲ ਜੰਗ ਛੇੜ ਕੇ ਸ਼ਹੀਦੀ ਪਾ ਜਾਣੀ ਹੈ।** ਮਹਾਰਾਜੇ ਨੇ ਗੁੱਸੇ ਵਿੱਚ ਆਏ ਹੋਏ ਨਿਹੰਗ ਸੂਰਬੀਰ ਅਕਾਲੀ ਫੂਲਾ ਸਿੰਘ ਨੂੰ ਸਮਝਾਣ ਦੀ ਬੜੀ ਕੋਸ਼ਿਸ਼ ਕੀਤੀ ਤੇ ਬਾਰ ਬਾਰ ਇਹੀ ਕਿਹਾ ਕਿ ਗੱਲ ਕੇਵਲ ਇੱਕ ਦਿਨ ਦੀ ਹੈ। ਅਗਲੇ ਦਿਨ ਤਾਂ ਅਸੀਂ ਹਮਲਾ ਕਰ ਹੀ ਦੇਣਾ ਹੈ। ਪਰ ਅਕਾਲੀ ਫੂਲਾ ਸਿੰਘ ਨੇ ਫਿਰ ਬੜੀ ਦ੍ਰਿੜ੍ਹਤਾ ਨਾਲ ਕਿਹਾ,'ਮਹਾਰਾਜਾ ਸਾਹਿਬ, ਤੁਹਾਡੇ ਲਈ ਬੇਸ਼ਕ ਇਹ ਗੱਲ ਯੁੱਧ ਨੀਤੀ ਦੀ ਹੈ ਪਰ ਸਾਡੇ ਲਈ ਤਾਂ ਇਹ ਗੱਲ ਧਰਮ ਅਤੇ ਅਸੂਲਾਂ ਦੀ ਹੈ। **ਮੈਂ ਸਿੱਖੀ ਅਸੂਲਾਂ ਨੂੰ ਕਿਸੀ ਵੀ ਤਰ੍ਹਾਂ ਸਿਆਸੀ ਤੇ ਜੰਗੀ ਨੀਤੀਆਂ ਅੱਗੇ ਕੁਰਬਾਨ ਨਹੀਂ ਹੋਣ ਦੇਵਾਂਗਾ। ਸਾਨੂੰ ਗੁਰੂ ਤੇ ਅਟੱਲ ਵਿਸ਼ਵਾਸ ਹੈ ਕਿ ਜਿੱਤ ਸਾਡੀ ਹੀ ਹੋਵੇਗੀ। ਅਸੀਂ ਅਰਦਾਸ ਕਰਕੇ ਹੁਣ ਕਦਮ ਪਿੱਛੇ ਨਹੀਂ ਹਟਾ ਸਕਦੇ।'**

**ਇਹ ਕਹਿ ਕੇ ਅਕਾਲੀ ਫੂਲਾ ਸਿੰਘ ਨੇ ਗੱਜ ਕੇ ਫਤਿਹ ਬੁਲਾਈ ਤੇ ਕਿਹਾ,'ਹੋ ਸਕਦਾ ਹੈ ਕਿ ਇਹ ਫ਼ਤਿਹ ਸਾਡੀ ਆਖਰੀ ਫਤਹਿ ਹੋਵੇ। ਤੁਸੀਂ ਫਿਕਰ ਨਾ ਕਰੋ, ਅਸੀਂ ਖਾਲਸਾ ਰਾਜ ਨੂੰ ਲਾਜ ਨਹੀਂ ਲਗਣ ਦਿਆਂਗੇ'।** ਇਹ ਕਹਿੰਦੇ ਹੋਏ ਉਨ੍ਹਾਂ ਨੇ ਆਪਣੇ ਘੋੜੇ ਨੂੰ ਅੱਡੀ ਲਾਈ ਤੇ ਨੌਸ਼ਹਿਰੇ ਵੱਲ ਵੱਧ ਗਏ। ਇਹ ਅਕਾਲੀ ਫੂਲਾ ਸਿੰਘ ਦੀ ਦ੍ਰਿੜ੍ਹਤਾ ਅਤੇ ਸਿੱਖੀ ਅਸੂਲਾਂ ਦੀ ਪ੍ਰਪਕਤਾ ਸੀ ਜਿਸ ਨੇ ਇੱਕ ਵਾਰ ਫਿਰ ਮਹਾਰਾਜੇ ਨੂੰ ਝੁਕਾ ਲਿਆ ਸੀ। ਅਕਾਲੀ ਫੂਲਾ ਸਿੰਘ ਨੂੰ ਇਸ ਤਰ੍ਹਾਂ ਜੰਗ ਵਿੱਚ ਜਾਂਦਿਆਂ ਵੇਖ ਕੇ ਮਹਾਰਾਜਾ ਰਣਜੀਤ ਸਿੰਘ ਨੂੰ ਆਪਣਾ ਵਿਚਾਰ ਬਦਲਣਾ ਪਿਆ ਤੇ ਉਨ੍ਹਾਂ ਨੇ ਬਾਕੀ ਫੌਜ ਨੂੰ ਵੀ ਅੱਗੇ ਵਧਣ ਦਾ ਹੁਕਮ ਦੇ ਦਿੱਤਾ।

**ਘੋਰ ਸੰਗ੍ਰਾਮ ਤੇ ਅਕਾਲੀ ਫੂਲਾ ਸਿੰਘ ਦੀ ਸ਼ਹੀਦੀ :** ਨੌਸ਼ਹਿਰੇ ਦੀ ਲੜਾਈ ਦੇ ਦੋ ਮੁਹਾਜ਼ ਸਨ। ਅਜ਼ੀਮ ਖਾਂ ਦੀ ਫੌਜ ਲੰਡੇ (ਕਾਬਲ) ਦਰਿਆ ਦੇ ਸੱਜੇ ਪਾਸੇ ਚਮਕਨੀ ਦੇ ਸਥਾਨ ਤੇ ਪਹੁੰਚ ਚੁੱਕੀ ਸੀ ਤੇ ਉਸ ਨੂੰ ਅੱਗੇ ਵਧਣ ਤੋਂ ਰੋਕਣ ਲਈ ਸ਼ਹਿਜ਼ਾਦਾ ਸ਼ੇਰ ਸਿੰਘ, ਸ੍ਰ. ਹਰੀ ਸਿੰਘ ਨਲੂਆ ਤੇ ਸ੍ਰ. ਬੁਧ ਸਿੰਘ ਭੇਜੇ ਜਾ ਚੁੱਕੇ ਸਨ। ਅਫਗਾਨਾਂ ਦੀ ਦੂਜੀ ਫੌਜ ਜਿਸ ਵਿੱਚ ਬਹੁਤੇ ਖਟਕ, ਯੂਸਫ਼ਜ਼ਈ, ਅਫਰੀਦੀ ਤੇ ਹੋਰ ਕਬੀਲਿਆਂ ਦੇ ਲੋਕ ਸਨ, ਉਹ ਲੰਡੇ ਦਰਿਆ ਦੇ ਉਰਲੇ ਕੰਢੇ ਟਿੱਬਾ ਟੀਰੀ ਦੀਆਂ ਪਹਾੜੀਆਂ ਤੇ ਮੋਰਚੇ ਗੱਡ ਕੇ ਬੈਠੇ ਹੋਏ ਸਨ। ਉੱਚੀ ਥਾਂ ਤੇ ਹੋਣ ਕਰਕੇ ਉਨ੍ਹਾਂ ਦੀ ਸਥਿਤੀ ਬੜੀ ਮਜ਼ਬੂਤ ਸੀ। ਇਸ ਤੋਂ ਛੁੱਟ ਉਨ੍ਹਾਂ ਨੂੰ ਇੱਕ ਹੋਰ ਲਾਭ ਇਹ ਵੀ ਸੀ ਕਿ ਉਨ੍ਹਾਂ ਕੋਲ ਤੋਪਾਂ ਸਨ ਜਦ ਕਿ ਖਾਲਸਾ ਦਰਬਾਰ ਦਾ ਤੋਪਖਾਨਾ ਅਜੇ ਲਾਹੌਰ ਤੋਂ ਚਲਕੇ ਇੱਥੇ ਪਹੁੰਚਿਆ ਨਹੀਂ ਸੀ। ਇਹੋ ਜਿਹੀ ਸਥਿਤੀ ਵਿਚ

ਅਫ਼ਗਾਨਾਂ ਦੇ ਮੋਰਚਿਆਂ ਨੂੰ ਤੋੜ ਸਕਣਾ ਲਗਭਗ ਅਸੰਭਵ ਜਿਹਾ ਕੰਮ ਸੀ ਜਿਸ ਨੂੰ ਪ੍ਰਾਪਤ ਕਰਨ ਲਈ ਹਜ਼ਾਰਾਂ ਸਿਰਾਂ ਦੀ ਲੋੜ ਸੀ। ਅਫ਼ਗਾਨ 'ਧਰਮ ਯੁੱਧ' ਦੇ ਚਾਅ ਵਿੱਚ ਰੰਗੇ, ਸਿੱਖਾਂ (**ਕਾਫਰਾਂ**) ਨਾਲ ਆਖ਼ਰੀ ਤੇ ਫੈਸਲਾਕੁੰਨ ਲੜਾਈ ਲੜਣ ਲਈ ਹਰ ਤਰ੍ਹਾਂ ਨਾਲ ਤਿਆਰ ਹੋ ਕੇ ਆਏ ਸਨ। ਗਣੇਸ਼ ਦਾਸ ਦੁਆਰਾ ਰਚਿਤ ਫਤਿਹਨਾਮਾ ਗੁਰੂ ਖਾਲਸਾ ਵਿੱਚ ਅਜ਼ੀਮ ਖਾਂ ਦੀਆਂ ਫੌਜਾਂ ਦੀ ਗਿਣਤੀ ਚਾਲੀ ਹਜ਼ਾਰ ਤੋਂ ਉਪਰ ਲਿਖੀ ਹੈ।

ਖਾਲਸਾ ਫੌਜਾਂ ਦੇ ਨੌਸ਼ਹਿਰੇ ਦੇ ਮੈਦਾਨ ਵਿੱਚ ਪਹੁੰਚਣ ਦੀ ਦੇਰ ਸੀ ਕਿ ਅਫਗਾਨਾਂ ਨੇ ਉਪਰੋਂ ਤੋਪਾਂ ਦੇ ਗੋਲੇ ਵਰਸਾਣੇ ਸ਼ੁਰੂ ਕਰ ਦਿੱਤੇ। ਵੇਖਦੇ ਹੀ ਵੇਖਦੇ ਪਲਾਂ ਵਿੱਚ ਸੈਂਕੜੇ ਸਿੰਘਾਂ ਦੀਆਂ ਲਾਸ਼ਾ ਦੇ ਢੇਰ ਲੱਗ ਗਏ। ਮਹਾਰਾਜਾ ਰਣਜੀਤ ਸਿੰਘ ਦੇ ਚਿਹਰੇ ਤੇ ਕੁਝ ਮਾਯੂਸੀ ਜਿਹੀ ਛਾ ਗਈ। ਉਨ੍ਹਾਂ ਨੂੰ ਲੱਗਾ ਕਿ ਉਨ੍ਹਾਂ ਦਾ ਪਹਿਲਾ ਫੈਸਲਾ ਸਹੀ ਸੀ ਤੇ ਉਨ੍ਹਾਂ ਨੂੰ ਜੰਗ ਸ਼ੁਰੂ ਕਰਨ ਤੋਂ ਪਹਿਲਾਂ ਆਪਣੇ ਤੋਪ ਖਾਨੇ ਦੀ ਉਡੀਕ ਕਰ ਲੈਣੀ ਚਾਹੀਦੀ ਸੀ। **ਵਿਦੇਸ਼ੀ ਇਤਿਹਾਸਕਾਰ ਸਮਾਈਥ ਲਿਖਦਾ ਹੈ ਕਿ ਪਹਿਲੇ ਹੀ ਹੱਲੇ ਵਿੱਚ ਸਿੰਘਾਂ ਦਾ ਇਤਨਾ ਭਾਰੀ ਨੁਕਸਾਨ ਹੋਇਆ ਕਿ ਲਗਦਾ ਸੀ ਕਿ ਲਾਹੌਰ ਦਰਬਾਰ ਦੀਆਂ ਫੌਜਾਂ ਮੈਦਾਨ ਛੱਡ ਕੇ ਨੱਸ ਜਾਣਗੀਆਂ। ਇਤਨੇ ਵਿੱਚ ਦੂਰ ਪਰੇ ਸਤਿ ਸ੍ਰੀ ਅਕਾਲ ਦੇ ਜੈਕਾਰਿਆਂ ਦੀਆਂ ਅਵਾਜ਼ਾਂ ਸੁਣਾਈ ਦਿੱਤੀਆਂ। ਅਕਾਲੀ ਫੂਲਾ ਸਿੰਘ ਦੇ ਨਿਹੰਗ, ਪਹਾੜੀ ਚੋਟੀਆਂ ਉਹਲੇ ਲੁਕੇ ਅਫਗਾਨਾਂ ਨੂੰ ਉਨ੍ਹਾਂ ਦੇ ਟਿਕਾਣਿਆਂ ਵਿਚੋਂ ਬਾਹਰ ਕੱਢਣ ਵਿੱਚ ਸਫ਼ਲ ਹੋ ਗਏ ਸਨ।**

ਹੁਣ ਆਮੋਂ ਸਾਹਮਣੇ ਹੱਥੋ ਹੱਥ ਦੀ ਲੜਾਈ ਸੀ। ਅਕਾਲੀ ਫੂਲਾ ਸਿੰਘ ਨੇ ਅਜਿਹੇ ਜੋਸ਼ ਵਿੱਚ ਆ ਕੇ ਜੰਗ ਕੀਤੀ ਕਿ ਉਨ੍ਹਾਂ ਸੈਕੜੇ ਅਫਗਾਨਾਂ ਨੂੰ ਦੋਜ਼ਖ ਦਾ ਰਾਹ ਵਿਖਾ ਦਿੱਤਾ। ਅਕਾਲੀ ਫੂਲਾ ਸਿੰਘ ਨੇ ਹੀਰਾ ਸਿੰਘ, ਜਵਾਲਾ ਸਿੰਘ ਤੇ ਗਰਭਾ ਸਿੰਘ ਇਤਿਆਦਿ ਸੂਰਮਿਆਂ ਨੂੰ ਵੰਗਾਰਿਆ ਤੇ ਕਿਹਾ, 'ਦੇਖਣਾ ਇਹ ਦੁਰਾਨੀ ਇੱਥੋਂ ਭੱਜ ਕੇ ਨਾ ਜਾ ਸਕਣ।' **ਅਕਾਲੀ ਫੂਲਾ ਸਿੰਘ ਦੇ ਜਥੇ ਦਾ ਜੋਸ਼ ਵੇਖ ਕੇ ਅਫਗਾਨਾਂ ਵਿੱਚ ਅਜਿਹੀ ਭਾਜੜ ਪਈ ਕਿ ਉਹ 'ਹਾਇ ਹਾਇ' ਕਰਦੇ ਕਹਿਣ ਲੱਗ ਪਏ, 'ਲਗਦਾ ਹੈ, ਇਨ੍ਹਾਂ ਅਕਾਲੀਆਂ ਵਿੱਚ ਆਪਣੇ ਗੁਰੂ ਦਾ ਜ਼ੋਰ ਆ ਗਿਆ ਹੈ।'**

ਤੀਰ ਤੜਾਕ ਪਟਾਕ ਬੰਦੂਕ, ਸਟਾਕ ਕਟਾਰੀ ਸਕੀਨ ਚਲਾਵੈਂ।
ਬਰਛੀ ਔ ਸਾਂਗ ਸੁ ਧੋਪ ਕੇ ਘੋਪ, ਭਲੀ ਬਿਧ ਸੋ ਅਤਿ ਜੰਗ ਮਚਾਵੈਂ।
ਫੂਲਾ ਸਿੰਘ ਕੋ ਤੇਜ ਅਕਾਲ ਦੀਓ, ਹੀਰਾ ਸਿੰਘ ਕਛੂ ਜੁ ਮਲੇਛ ਭਜਾਵੈਂ।
ਮਾਰ ਭਲੇ ਹਥਿਆਰਨ ਸੋਂ, ਬਹੁ ਤੁਰਕਨ ਕਉ ਜਮ ਧਾਮ ਪਠਾਵੈਂ।੬੯।

(ਫ਼ਤਿਹਨਾਮਾ ਗੁਰੂ ਖਾਲਸਾ ਜੀ ਕਾ)

ਅਕਾਲੀ ਫੂਲਾ ਸਿੰਘ ਦੀਆਂ ਅਕਾਲੀ ਫੌਜਾਂ ਨੂੰ ਇਸ ਤਰ੍ਹਾਂ ਜੂਝਦਿਆਂ ਵੇਖ ਕੇ ਬਾਕੀ ਸਿੱਖ ਫੌਜਾਂ ਦੇ ਵੀ ਹੌਸਲੇ ਬੁਲੰਦ ਹੋ ਗਏ। ਉਹ ਵੀ ਜੈਕਾਰੇ ਗਜਾਂਦੇ ਅਫ਼ਗਾਨਾਂ ਨਾਲ ਗੁਥੱਮ ਗੁੱਥਾ ਹੋ ਗਏ। ਸਮਾਈਥ ਦੇ ਅਨੁਸਾਰ ਹੁਣ ਅਫਗਾਨਾਂ ਦਾ ਪਲੜਾ ਹਲਕਾ ਹੋਣਾ ਸ਼ੁਰੂ ਹੋ ਗਿਆ ਸੀ, ਪਰ ਤਾਂ ਵੀ ਉਹ ਬੜੀ ਬਹਾਦਰੀ ਨਾਲ ਮੈਦਾਨ ਵਿੱਚ ਡਟੇ ਹੋਏ ਸਨ। ਅਟਾਰੀ

ਵਾਲੇ ਸਰਦਾਰ ਵੀ ਅੱਗੇ ਵਧ ਵੱਧ ਕੇ ਅਫ਼ਗਾਨਾਂ ਤੇ ਹੱਲੇ ਬੋਲ ਰਹੇ ਸਨ। ਬੇਸ਼ਕ ਅਫ਼ਗਾਨਾਂ ਦੀ ਕੁਝ ਫੌਜ ਲੰਡੇ ਦਰਿਆ ਨੂੰ ਪਾਰ ਕਰਕੇ ਉਰੇ ਪਹੁੰਚ ਚੁੱਕੀ ਸੀ ਪਰ ਤਾਂ ਵੀ ਅਜ਼ੀਮ ਖਾਂ ਦੇ ਭਾਰੀ ਲਸ਼ਕਰ ਨੂੰ ਸ਼ਹਿਜ਼ਾਦਾ ਸ਼ੇਰ ਸਿੰਘ, ਹਰੀ ਸਿੰਘ ਨਲੂਆ ਅਤੇ ਬੁੱਧ ਸਿੰਘ ਨੇ ਰੋਕ ਕੇ ਰੱਖਿਆ ਹੋਇਆ ਸੀ।

ਇਤਨੇ ਵਿੱਚ ਅਫ਼ਗਾਨਾਂ ਦਾ ਇੱਕ ਤਕੜਾ ਹੱਲਾ ਹੋਇਆ ਜਿਸ ਵਿੱਚ ਗਰਭਾ ਸਿੰਘ ਤਲਵਾਰ ਨਾਲ ਜੰਗ ਕਰਦਾ ਹੋਇਆ ਸ਼ਹੀਦੀ ਪਾ ਗਿਆ। ਇਹ ਵੇਖ ਕੇ ਕਰਮ ਸਿੰਘ ਅੱਗੇ ਹੋਇਆ। ਇੱਕ ਪਠਾਨ ਨੇ ਦੂਰੋਂ ਹੀ ਗੋਲੀ ਦਾ ਐਸਾ ਨਿਸ਼ਾਨਾ ਮਾਰਿਆ ਕਿ ਉਹ ਲਹੂ ਲੁਹਾਨ ਹੋ ਕੇ ਮੈਦਾਨ ਵਿੱਚ ਹੀ ਡਿੱਗ ਪਿਆ। ਤੂਫ਼ਾਨੀ ਵੇਗ ਨਾਲ ਕੁਝ ਸਿੰਘ ਉਸ ਨੂੰ ਮੈਦਾਨ ਵਿੱਚੋਂ ਚੁੱਕ ਕੇ ਉਸ ਥਾਂ ਲੈ ਆਏ ਜਿੱਥੇ ਖਾਲਸਾ ਫੌਜਾਂ ਦੇ ਤੰਬੂ ਲੱਗੇ ਹੋਏ ਸਨ। ਡੇਰੇ ਪਹੁੰਚਦਿਆਂ ਹੀ ਕਰਮ ਸਿੰਘ ਨੇ ਪ੍ਰਾਣ ਤਿਆਗ ਦਿੱਤੇ। **ਅਕਾਲੀ ਫੂਲਾ ਸਿੰਘ ਸੂਰਬੀਰਾਂ ਨੂੰ ਇਸ ਤਰ੍ਹਾਂ ਡਿਗਦਿਆ ਵੇਖ ਕੇ ਅੱਗੇ ਵੱਧੇ ਤੇ ਖੰਡਾ ਫੜ ਕੇ ਅਫ਼ਗਾਨਾਂ ਤੇ ਅਜਿਹਾ ਹਮਲਾ ਕੀਤਾ ਕਿ ਉਹ 'ਤੌਬਾ ਤੌਬਾ' ਕਰਦੇ ਪਿੱਛੇ ਹਟਣ ਤੇ ਮਜਬੂਰ ਹੋ ਗਏ।**

**ਅਕਾਲੀ ਫੂਲਾ ਸਿੰਘ ਜਦੋਂ ਤੂਫ਼ਾਨੀ ਵੇਗ ਨਾਲ ਖੰਡਾ ਵਾਹ ਕੇ ਅਫਗਾਨਾਂ ਦੇ ਸਿਰ ਲਾਹੁਣ ਵਿੱਚ ਲੱਗੇ ਹੋਏ ਸਨ ਤਾਂ ਇੱਕ ਗੋਲੀ ਅਜਿਹੀ ਆਈ ਜੋ ਇਨ੍ਹਾਂ ਦਾ ਪੱਟ ਚੀਰ ਕੇ ਨਿਕਲ ਗਈ।** ਸ਼ਾਇਦ ਪਠਾਨਾਂ ਦਾ ਸਾਰਾ ਧਿਆਨ ਇਨ੍ਹਾਂ ਵੱਲ ਹੀ ਸੀ ਤੇ ਉਹ ਇਨ੍ਹਾਂ ਨੂੰ ਹੀ ਆਪਣਾ ਨਿਸ਼ਾਨਾ ਬਣਾ ਕੇ ਗੋਲੀਆਂ ਚਲਾ ਰਹੇ ਸਨ। ਇਨ੍ਹਾਂ ਨੂੰ ਗੋਲੀ ਲਗਣ ਤੋਂ ਬਾਦ ਕੁਝ ਹੋਰ ਗੋਲੀਆਂ ਚੱਲੀਆਂ ਜਿਨ੍ਹਾਂ ਦੇ ਕਾਰਨ ਇਨ੍ਹਾਂ ਦਾ ਘੋੜਾ ਘਾਇਲ ਹੋ ਕੇ ਮੈਦਾਨ ਵਿੱਚ ਡਿਗ ਪਿਆ। ਅਕਾਲੀ ਫੂਲਾ ਸਿੰਘ ਘੋੜੇ ਤੋਂ ਉਤਰੇ ਤੇ ਝਟ ਪਟ ਇੱਕ ਹਾਥੀ ਮੰਗਵਾ ਕੇ ਉਸਤੇ ਸਵਾਰ ਹੋ ਗਏ। ਇਨ੍ਹਾਂ ਦੀ ਲੱਤ ਚੋਂ ਬਹੁਤ ਸਾਰਾ ਖ਼ੂਨ ਨਿਕਲ ਰਿਹਾ ਸੀ ਤੇ ਜ਼ਖਮਾਂ ਤੇ ਪੱਟੀ ਬੰਨ੍ਹਣ ਦਾ ਕੋਈ ਮੌਕਾ ਨਹੀਂ ਸੀ। ਉਨ੍ਹਾਂ ਮਹਾਵਤ ਨੂੰ ਅੱਗੇ ਵੱਧਣ ਲਈ ਕਿਹਾ ਤਾਂ ਕਿ ਉਹ ਅਫ਼ਗਾਨ ਮੋਰਚਿਆਂ ਨੂੰ ਤੋੜ ਕੇ ਉਨ੍ਹਾਂ ਨੂੰ ਨਸਣ ਤੇ ਮਜ਼ਬੂਰ ਕਰ ਦੇਣ। ਮਹਾਵਤ ਕਮਜ਼ੋਰ ਦਿਲ ਦਾ ਬੰਦਾ ਸੀ। ਉਹ ਚੁਪਾਸੀ ਮਚੇ ਹੋਏ ਭਿਆਨਕ ਯੁੱਧ ਨੂੰ ਵੇਖ ਕੇ ਡਰ ਗਿਆ। ਉਸ ਨੇ ਅਕਾਲੀ ਫੂਲਾ ਸਿੰਘ ਨੂੰ ਕਿਹਾ,'ਅੱਗੇ ਖਤਰਾ ਬਹੁਤ ਹੈ। ਇਸ ਵੇਲੇ ਜਾਨਵਰ (ਭਾਵ ਹਾਥੀ) ਨੂੰ ਅੱਗੇ ਲਿਜਾਣਾ ਘਾਤਕ ਸਾਬਤ ਹੋ ਸਕਦਾ ਹੈ।' ਅਕਾਲੀ ਫੂਲਾ ਸਿੰਘ ਨੇ ਮਹਾਵਤ ਨੂੰ ਫਿਰ ਅੱਗੇ ਵਧਣ ਲਈ ਕਿਹਾ। ਮਹਾਵਤ ਜੋ ਕਿ ਘੋਰ ਸੰਗਰਾਮ ਮੱਚਿਆ ਵੇਖ ਕੇ ਹੌਸਲਾ ਹਾਰ ਬੈਠਾ ਸੀ, ਉਸ ਨੇ ਹਾਥੀ ਨੂੰ ਅੱਗੇ ਤੋਰਨ ਤੋਂ ਨਾਂਹ ਕਰ ਦਿੱਤੀ। **ਅਕਾਲੀ ਫੂਲਾ ਸਿੰਘ ਨੇ ਵੇਖਿਆ ਕਿ ਇਹ ਕਾਇਰ ਜੀਊਂਦਿਆ ਹੀ ਮਰ ਚੁੱਕਾ ਹੈ। ਇਹੋ ਜਿਹੇ ਕਾਇਰ ਤਾਂ ਜਿੱਤੀਆਂ ਹੋਈਆਂ ਬਾਜ਼ੀਆਂ ਵੀ ਹਰਵਾ ਦਿਆ ਕਰਦੇ ਹਨ।** ਸਮਾਈਥ ਲਿਖਦਾ ਹੈ ਕਿ ਉਨ੍ਹਾਂ ਨੇ ਆਪਣੀ ਬਗ਼ਲ ਚੋਂ ਪਸਤੌਲ ਕੱਢੀ ਤੇ ਮਹਾਵਤ ਦੇ ਮੱਥੇ ਤੇ ਦਾਗ਼ ਦਿੱਤੀ। ਗਣੇਸ਼ ਦਾਸ ਲਿਖਦਾ ਹੈ ਕਿ ਉਨ੍ਹਾਂ ਨੇ ਆਪਣੇ ਭੱਥੇ ਚੋਂ ਤੀਰ ਕੱਢ ਕੇ ਉਸ ਦੀ ਗਰਦਨ ਚੋਂ ਪਾਰ ਕਰ ਦਿੱਤਾ ਤੇ ਹਾਥੀ ਨੂੰ ਧੱਕਦੇ ਉੱਥੇ ਲੈ ਗਏ ਜਿੱਥੇ

ਅਫਗਾਨਾਂ ਦੀ ਆਖ਼ਰੀ ਟੁਕੜੀ ਬੜੀ ਬੀਰਤਾ ਨਾਲ ਮੈਦਾਨ ਵਿੱਚ ਡਟੀ ਹੋਈ ਸੀ। ਅਕਾਲੀ ਫੂਲਾ ਸਿੰਘ ਨੂੰ ਹਾਥੀ ਤੇ ਬੈਠਾ ਵੇਖਕੇ ਸਾਰੇ ਅਫ਼ਗਾਨ ਉਸੇ ਪਾਸੇ ਟੁੱਟ ਕੇ ਪੈ ਗਏ। ਉਹ ਜਾਣਦੇ ਸਨ ਕਿ ਇਹੀ ਉਹ ਬਹਾਦੁਰ ਸੂਰਮਾਂ ਸੀ ਜਿਸ ਨੇ ਉਨ੍ਹਾਂ ਨੂੰ ਕਸੂਰ, ਮੁਲਤਾਨ, ਕਸ਼ਮੀਰ ਅਤੇ ਪਿਸ਼ਾਵਰ ਦੀਆਂ ਜੰਗਾਂ ਵਿੱਚ ਬੁਰੀ ਤਰ੍ਹਾਂ ਨਾਲ ਹਰਾਇਆ ਸੀ, ਤੇ ਇਹੀ ਉਹ ਬਹਾਦਰ ਜਰਨੈਲ ਸੀ ਜਿਸ ਦਾ ਨਾਮ ਸੁਣਦਿਆਂ ਹੀ ਉਨ੍ਹਾਂ ਦੀ ਰੀੜ੍ਹ ਦੀ ਹੱਡੀ ਵਿੱਚ ਡਰ ਤੇ ਭੈ ਦੀ ਲਹਿਰ ਦੌੜ ਜਾਇਆ ਕਰਦੀ ਸੀ। ਹੁਣ ਉਹੀ ਸੂਰਮਾਂ ਇਕੱਲਾ ਉਨ੍ਹਾਂ ਦੇ ਸਾਹਮਣੇ ਸੀ ਤੇ ਇਹੀ ਮੋਕਾ ਸੀ ਜਦੋਂ ਉਹ ਚੱਟਾਨ ਵਰਗੇ ਮਜ਼ਬੂਤ ਇਸ ਯੋਧੇ ਨੂੰ ਗੋਲੀਆਂ ਨਾਲ ਛਲਣੀ ਕਰ ਸਕਦੇ ਸਨ।

ਅਕਾਲੀ ਫੂਲਾ ਸਿੰਘ ਆਪਣੇ ਸਾਥੀਆਂ ਨੂੰ ਹਲਾ ਸ਼ੇਰੀ ਦੇਂਦੇ ਤੇ ਸਤਿ ਸ੍ਰੀ ਅਕਾਲ ਦੇ ਜੈਕਾਰੇ ਗਜਾਂਦੇ ਅਫ਼ਗਾਨ ਦਲਾਂ ਵਿੱਚ ਘੁਸਦੇ ਚਲੇ ਜਾ ਰਹੇ ਸਨ ਕਿ ਗੁਲ ਮੁਹੰਮਦ ਨਾਂ ਦੇ ਇੱਕ ਪਠਾਣ ਨੇ ਆਪਣੀ ਬੰਦੂਕ ਵਿੱਚ ਦੁਗਾੜਾ ਭਰਿਆ (ਦੋ ਗੋਲੀਆਂ) ਤੇ ਅਕਾਲੀ ਫੂਲਾ ਸਿੰਘ ਵਲ ਦਾਗ਼ ਦਿੱਤਾ। ਇਹ ਦੁਗਾੜਾ ਮੱਥੇ ਵਿੱਚ ਲਗਾ ਸੀ। ਗੋਲੀਆਂ ਲਗਦਿਆਂ ਹੀ ਅਕਾਲੀ ਜੀ ਦਾ ਮੱਥਾ ਫੱਟ ਗਿਆ। **ਅਕਾਲੀ ਜੀ ਨੇ ਆਸ ਪਾਸ ਲੜ ਰਹੇ ਕੁਝ ਸਿੰਘਾਂ ਨੂੰ ਆਪਣੇ ਕੋਲ ਸਦਿਆ ਤੇ ਆਖ਼ਰੀ ਨਜ਼ਰ ਲੜਾਈ ਦੇ ਮੈਦਾਨ ਵੱਲ ਫੇਰਦਿਆਂ ਕਿਹਾ,'ਖਾਲਸਾ ਜੀ ਅਸੀਂ ਆਪਣੇ ਜੀਵਨ ਵਿੱਚ ਇੱਕ ਵੀ ਲੜਾਈ ਨਹੀਂ ਹਾਰੀ ਤੇ ਜ਼ਿੰਦਗੀ ਦੀ ਇਹ ਆਖਰੀ ਲੜਾਈ ਵੀ ਜਿੱਤ ਕੇ ਹੀ ਅਕਾਲ ਪੁਰਖ ਦੇ ਚਰਨਾਂ ਵਿੱਚ ਜਾਣਾ ਚਾਹੁੰਦੇ ਹਾਂ।'** ਇਹ ਕਹਿ ਕੇ ਅਕਾਲੀ ਫੂਲਾ ਸਿੰਘ ਕੁਝ ਪਲ ਲਈ ਸ਼ਾਤ ਹੋ ਗਏ।

ਉਨ੍ਹਾਂ ਦੇ ਮੱਥੇ ਚੋਂ ਖ਼ੂਨ ਦੀਆਂ ਧਾਰਾਂ ਵੱਗ ਕੇ ਉਨ੍ਹਾਂ ਦੇ ਚਿਹਰੇ ਅਤੇ ਛਾਤੀ ਨੂੰ ਸੂਹੇ ਰੰਗ ਨਾਲ ਰੰਗ ਰਹੀਆਂ ਸਨ। ਉਨ੍ਹਾਂ ਦੀ ਨਜ਼ਰ ਉਸ ਪਾਸੇ ਲੱਗੀ ਹੋਈ ਸੀ ਜਿਧਰ ਉਨ੍ਹਾਂ ਦੇ ਬਹਾਦਰ ਸਾਥੀ ਅਫ਼ਗਾਨਾਂ ਦਾ ਆਖਰੀ ਮੋਰਚਾ ਤੋੜਣ ਵਿੱਚ ਆਪਣੇ ਪ੍ਰਾਣਾਂ ਨੂੰ ਭੰਬਟਾਂ ਵਾਂਗ ਕੁਰਬਾਨ ਕਰੀ ਜਾ ਰਹੇ ਸਨ। ਆਪਣੇ ਸਭ ਤੋਂ ਪਿਆਰੇ ਅਤੇ ਮਹਿਬੂਬ ਜਥੇਦਾਰ ਦੀ ਇਹ ਹਾਲਤ ਵੇਖ ਕੇ ਅਕਾਲੀਆਂ ਨੇ ਅਫ਼ਗਾਨਾਂ ਉਪਰ ਇੱਕ ਹੋਰ ਜ਼ੋਰਦਾਰ ਹਮਲਾ ਕੀਤਾ ਜਿਸ ਨਾਲ ਉਨ੍ਹਾਂ ਦੇ ਪੈਰ ਉਖੜ ਗਏ। ਨਸਦੇ ਜਾਂਦੇ ਪਠਾਣਾਂ ਨੂੰ ਵੇਖ ਕੇ ਖ਼ਾਲਸਾ ਫ਼ੌਜਾਂ ਨੇ ਸਤਿ ਸ੍ਰੀ ਅਕਾਲ ਦੇ ਜੈਕਾਰੇ ਗਜਾਣੇ ਸ਼ੁਰੂ ਕਰ ਦਿੱਤੇ। **ਕਿਸੇ ਨਿਹੰਗ ਨੇ ਘੋੜਾ ਦੌੜਾਂਦਿਆਂ ਅਕਾਲੀ ਫੂਲਾ ਸਿੰਘ ਨੂੰ ਆ ਕੇ ਖਬਰ ਦਿੱਤੀ ਕਿ ਬਾਬਾ ਜੀ ਨੌਸ਼ਹਿਰੇ ਦੀ ਜੰਗ ਜਿੱਤੀ ਗਈ ਹੈ। ਅਫ਼ਗਾਨ ਲੁੰਡੇ ਦਰਿਆ ਨੂੰ ਪਾਰ ਕਰਕੇ ਨਸੀ ਜਾ ਰਹੇ ਹਨ। ਅਕਾਲੀ ਫੂਲਾ ਸਿੰਘ ਦੇ ਨੇਤਰ ਨੱਸੇ ਜਾਂਦੇ ਪਠਾਣਾਂ ਵੱਲ ਲੱਗੇ ਹੋਏ ਸਨ ਪਰ ਉਨ੍ਹਾਂ ਦੀ ਆਤਮਾ ਇਹ ਚੋਲਾ ਤਿਆਗ ਕੇ ਗੁਰੂ ਚਰਨਾਂ ਵੱਲ ਉਡਾਰੀ ਮਾਰ ਚੁੱਕੀ ਸੀ।** ਇਹ ਘਟਨਾ ਮਾਰਚ ਮਹੀਨੇ ਦੀ 14 ਤਰੀਕ ਸੰਨ 1823 ਈਸਵੀ ਨੂੰ ਵਾਪਰੀ ਸੀ। ਗਣੇਸ਼ ਦਾਸ **'ਫਤਿਹ ਨਾਮਾ ਗੁਰੂ ਖ਼ਾਲਸਾ ਜੀ ਕਾ'** ਵਿੱਚ ਇਸ ਘਟਨਾ ਨੂੰ ਇਸ ਤਰਾਂ ਬਿਆਨ ਕਰਦਾ ਹੈ :

ਪਾਇ ਦੁਗਾੜਾ ਬੰਦੂਕ ਬਿਖੇ,
ਤਕ ਕੇ ਸੁ ਨਿਸ਼ਾਨ ਪਠਾਣ ਚਲਾਇਓ।
ਫੂਲਾ ਸਿੰਘ ਕੋ ਮਾਥਾ ਸੋ ਫੋੜ ਗਈ,
ਤਈ ਲਾਗਤ ਹੀ ਸੁਰਧਾਮ ਸਿਧਾਇਓ।
ਪ੍ਰਾਣ ਚਲੇ ਤੀਹ ਬਖਾਨ ਇਹੀ,
ਨਹਿ ਰੰਚਕ ਹੂੰ ਗਜ ਪਾਛੇ ਹਿਲਾਇਓ।
ਧਿਆਨ ਧਰਿਓ ਇਤ ਮੈਂ ਗੁਰ ਕੋ,
ਤਬ ਦੇਹ ਕੋ ਤਿਆਗ ਸ਼ਹੀਦ ਹੋ ਧਾਇਉ।੯੯।

ਅਕਾਲੀ ਫੂਲਾ ਸਿੰਘ ਦੀ ਸ਼ਹੀਦੀ ਦੀ ਖ਼ਬਰ ਮਿਲਦਿਆਂ ਹੀ ਅਫਗਾਨਾਂ ਦੇ ਕੈਂਪ ਵਿੱਚ ਖੁਸ਼ੀ ਦੀ ਲਹਿਰ ਦੌੜ ਗਈ। ਉਨ੍ਹਾਂ ਨੂੰ ਲੱਗਾ ਕਿ ਹੁਣ ਉਹ ਜਲਦੀ ਹੀ ਸਿੰਘਾਂ ਨੂੰ ਮਾਰ ਕੇ ਉਨ੍ਹਾਂ ਤੇ ਫ਼ਤਿਹ ਹਾਸਲ ਕਰ ਲੈਣਗੇ :

ਫੂਲਾ ਸਿੰਘ ਕਉ ਮਾਰ ਕੇ, ਭਏ ਪ੍ਰਸੰਨ ਪਠਾਣ।
ਅਬ ਸਿੰਘਨ ਕਉ ਜੀਤ ਹੈਂ, ਮੂਯੋ ਬੜੋ ਬਲਵਾਨ॥ (ਫ਼ਤਿਹਨਾਮਾ)

**ਅਫ਼ਗਾਨਾਂ ਦਾ ਭੱਜਣਾ :** ਜਦੋਂ ਅਕਾਲੀ ਫੂਲਾ ਸਿੰਘ ਦੇ ਅਕਾਲ ਚਲਾਣੇ ਦੀ ਖ਼ਬਰ ਮਹਾਰਾਜਾ ਰਣਜੀਤ ਸਿੰਘ ਅਤੇ ਸਿੰਘਾਂ ਦੇ ਫੌਜੀ ਦਸਤਿਆਂ ਨੂੰ ਮਿਲੀ ਤਾਂ ਉਹ ਪਠਾਣਾਂ ਉਤੇ ਟੁੱਟ ਕੇ ਪੈ ਗਏ। ਹਰ ਪਾਸੋਂ 'ਮਾਰੋ ਮਾਰੋ' ਦੀਆਂ ਅਵਾਜ਼ਾਂ ਗੂੰਜਣ ਲੱਗ ਪਈਆਂ। ਅਫ਼ਗਾਨ ਖ਼ਾਲਸਾ ਫ਼ੌਜਾਂ ਦੀ ਮਾਰ ਨਾ ਝਲਦੇ ਹੋਏ ਮੈਦਾਨ ਚੋਂ ਭਜਣੇ ਸ਼ੁਰੂ ਹੋ ਗਏ। ਲੈਫ਼ਟੀਨੈਂਟ ਕਰਨਲ ਗੁਲਚਰਨ ਸਿੰਘ ਲਿਖਦਾ ਹੈ The whole force resounded with **Jai-karas,** fell upon the enemy and drove them back. ਸਿੰਘਾਂ ਦੇ ਇਸ ਹਮਲੇ ਦਾ ਇਹ ਨਤੀਜਾ ਨਿਕਲਿਆ ਕਿ the Afghans retired in disorder leaving behind numerous dead. ਨੌਸ਼ਹਿਰੇ ਦੀ ਜਿੱਤ ਨੇ ਉੱਤਰ ਪੱਛਮੀ ਸੀਮਾਵਾਂ ਤੇ ਸਦੀਆਂ ਤੋਂ ਚਲੇ ਆ ਰਹੇ ਅਫ਼ਗਾਨਾਂ ਦੇ ਦਬਦਬੇ ਨੂੰ ਹਮੇਸ਼ਾਂ ਹਮੇਸ਼ਾਂ ਲਈ ਸੀਲ ਕਰਕੇ ਰੱਖ ਦਿੱਤਾ ਸੀ। ਬਿਕਰਮਜੀਤ ਹਸਰਤ 'ਲਾਈਫ਼ ਐਂਡ ਟਾਈਮਜ਼ ਆਫ਼ ਮਹਾਰਾਜਾ ਰਣਜੀਤ ਸਿੰਘ' ਵਿੱਚ ਲਿਖਦਾ ਹੈ, The Sikh victory at Naushera sounded the death knell of Afghan supremacy beyond the river Indus. **ਇਸ ਜਿੱਤ ਦਾ ਸੇਹਰਾ ਅਕਾਲੀ ਫੂਲਾ ਸਿੰਘ ਦੇ ਸਿਰ ਸੀ ਜੋ ਬੜੀ ਬਹਾਦਰੀ ਨਾਲ ਲੜਦੇ ਹੋਏ ਇਸ ਜੰਗ ਵਿੱਚ ਸ਼ਹੀਦ ਹੋ ਗਏ ਸਨ।** ਜਿਸ ਥਾਂ ਤੇ ਆਕਲੀ ਫੂਲਾ ਸਿੰਘ ਜੀ ਦਾ ਸਸਕਾਰ ਕੀਤਾ ਗਿਆ ਉਸ ਥਾਂ ਤੇ 1834-35 ਵਿੱਚ ਮਹਾਰਾਜੇ ਦੇ ਹੁਕਮ ਨਾਲ ਸਮਾਧ ਬਣਾਕੇ ਉਸਦੇ ਨਾਮ ਨਾਲ ਬਹੁਤ ਸਾਰੀ ਜਗੀਰ ਲਗਾ ਦਿੱਤੀ ਗਈ। ਇਹ ਸਮਾਧ ਨੌਸ਼ਹਿਰੇ ਤੋਂ ਪਾਰ ਚਾਰ ਕੁ ਮੀਲ ਚੜ੍ਹਦੇ ਵੱਲ ਪਿੰਡ ਪੀਰ ਸਬਾਕ ਤੋਂ ਕੇਵਲ ਤਿੰਨ ਫਰਲਾਂਗ ਦੂਰ ਸੀ।

**ਨੌਸ਼ਹਿਰੇ ਦੀ ਜੰਗ ਬਾਰੇ : ਸਮਾਈਬ ਲਿਖਦਾ ਹੈ ਕਿ ਮਹਾਰਾਜੇ ਦੀਆਂ ਫੌਜਾਂ ਕਰੀਬ ਕਰੀਬ ਇਹ ਜੰਗ ਹਾਰ ਚੁੱਕੀਆਂ ਸਨ ਕਿ ਅਕਾਲੀ ਫੂਲਾ ਸਿੰਘ ਦੀ**

**ਬੇਮਿਸਾਲ ਬਹਾਦਰੀ ਅਤੇ ਕੁਰਬਾਨੀ ਨੇ ਜੰਗ ਦਾ ਨਕਸ਼ਾ ਹੀ ਬਦਲ ਕੇ ਰੱਖ ਦਿੱਤਾ।** ਉਸ ਦੇ ਆਪਣੇ ਸ਼ਬਦਾਂ ਵਿੱਚ ਅਕਾਲੀ ਫੂਲਾ ਸਿੰਘ ਦੀ ਬਹਾਦਰੀ ਵੇਖ ਕੇ ਉਸ ਦੇ ਦੁਸ਼ਮਨ (ਅਫ਼ਗਾਨ) ਵੀ ਪ੍ਰਸ਼ੰਸਾ ਕੀਤੇ ਬਗੈਰ ਨਹੀਂ ਸਨ ਰਹਿ ਸਕੇ।

ਬਿਕਰਮਜੀਤ ਹਸਰਤ ਲਿਖਦਾ ਹੈ ਕਿ ਨੌਸ਼ਹਿਰੇ ਦੀ ਜੰਗ ਵਿੱਚ ਹਾਰ ਖਾ ਜਾਣ ਮਗਰੋਂ ਅਜ਼ੀਮ ਖਾਂ ਬੜੀ ਬੇਇਜ਼ਤੀ ਮਹਿਸੂਸ ਕਰਦਾ ਹੋਇਆ, ਟੁੱਟੇ ਹੋਏ ਦਿਲ ਨਾਲ, ਆਪਣੇ ਗਾਜ਼ੀਆਂ ਅਤੇ ਬੇਗਮਾਂ ਨੂੰ ਨਾਲ ਲੈ ਕੇ ਅਫਗਾਨਿਸਤਾਨ ਦੇ ਪਹਾੜਾਂ ਵੱਲ ਨੱਸ ਗਿਆ, ਜਿੱਥੇ ਕੁਝ ਸਮੇਂ ਮਗਰੋਂ ਉਸਦੀ ਮੌਤ ਹੋ ਗਈ। ਗੁਲਸ਼ਨ ਲਾਲ ਚੋਪੜਾ ਲਿਖਦਾ ਹੈ ਕਿ ਇਸ ਜਿੱਤ ਨਾਲ ਪਿਸ਼ਾਵਰ ਦੀ ਸਾਰੀ ਘਾਟੀ ਸਿੱਖਾਂ ਦੇ ਅਧਿਕਾਰ ਵਿੱਚ ਆ ਗਈ ਜਿਸਦਾ ਸਿਹਰਾ ਅਕਾਲੀ ਫੂਲਾ ਸਿੰਘ ਦੇ ਸਿਰ ਸੀ। **ਇਸ ਲੜਾਈ ਦੇ ਨਤੀਜਿਆਂ ਦਾ ਉਲੇਖ ਕਰਦਾ ਹੋਇਆ ਸੀਤਾ ਰਾਮ ਕੋਹਲੀ ਲਿਖਦਾ ਹੈ ਕਿ ਬੇਸ਼ਕ ਇਸ ਯੁੱਧ ਵਿੱਚ ਖਾਲਸੇ ਦਾ ਵੀ ਭਾਰੀ ਨੁਕਸਾਨ ਹੋਇਆ ਸੀ ਪਰ ਨੌਸ਼ਹਿਰੇ ਦੀ ਸ਼ਾਨਦਾਰ ਜਿੱਤ ਦਾ ਸਰਹੱਦ ਉਤੇ ਇਹ ਅਸਰ ਹੋਇਆ ਕਿ ਜਮਰੌਦ ਤੋਂ ਲੈ ਕੇ ਮਾਲਾਕੰਦ ਤੇ ਬਨੇਰ ਤੋਂ ਲੈ ਕੇ ਖਟਕ ਤੱਕ ਦੇ ਸਾਰੇ ਇਲਾਕੇ ਵਿੱਚ ਖਾਲਸੇ ਦਾ ਪਠਾਣਾਂ ਉਤੇ ਦਬਦਬਾ ਬੈਠ ਗਿਆ।**

ਕੇ. ਕੇ. ਖੁਲਰ ਲਿਖਦਾ ਹੈ ਕਿ ਅਕਾਲੀ ਫੂਲਾ ਸਿੰਘ ਦੀ ਸ਼ਹੀਦੀ ਦਾ ਅਸਰ ਮਹਾਰਾਜੇ ਦੇ ਮਨ ਤੇ ਇਤਨਾਂ ਗਹਿਰਾ ਪਿਆ ਕਿ ਉਹ ਆਪਣੇ ਤੰਬੂ ਵਿੱਚ ਜਾ ਕੇ ਇਕਲਿਆਂ ਇੰਝ ਭੁੱਬਾਂ ਮਾਰ ਕੇ ਰੋਇਆ ਜਿਵੇਂ ਕੋਈ ਸੁਹਾਗਣ ਇਸਤਰੀ ਵਿਧਵਾ ਹੋ ਗਈ ਹੋਵੇ। **ਮਹਾਰਾਜਾ ਰਣਜੀਤ ਸਿੰਘ ਨੇ ਰੋ ਰੋ ਕੇ ਆਪਣੇ ਸਾਥੀਆਂ ਨੂੰ ਕਿਹਾ,'ਸਾਨੂੰ ਨੌਸ਼ਹਿਰੇ ਦੀ ਜਿੱਤ ਦੀ ਬਹੁਤ ਵੱਡੀ ਕੀਮਤ ਚੁਕਾਣੀ ਪਈ ਹੈ। ਮੈਂ ਅੰਮ੍ਰਿਤਸਰ ਪਹੁੰਚ ਕੇ ਉਥੋਂ ਦੇ ਲੋਕਾਂ ਨੂੰ ਕੀ ਕਹਵਾਗਾਂ ਕਿ ਮੈਂ ਅਕਾਲੀ ਜੀ ਨੂੰ ਕਿੱਥੇ ਛੱਡ ਆਇਆ ਹਾਂ?'** ਗਣੇਸ਼ ਦਾਸ ਲਿਖਦਾ ਹੈ ਕਿ ਅਕਾਲੀ ਜੀ ਦੀ ਮੌਤ ਦੀ ਖਬਰ ਸੁਣਦਿਆਂ ਹੀ ਮਹਾਰਾਜੇ ਦੀਆਂ ਅੱਖਾਂ ਭਰ ਆਈਆਂ ਤੇ ਉਹ ਕਹਿਣ ਲੱਗੇ :

ਫੂਲਾ ਸਿੰਘ ਜਬ ਮਾਰਿਓ ਸੁਣੀ ਸਾਰ ਸਰਕਾਰ,
ਐਸੋ ਸਿੰਘ ਮਹਾਂਬਲੀ, ਵਿਰਲਾ ਹਮ ਦਰਬਾਰ॥

ਇਸ ਲੜਾਈ ਵਿੱਚ ਗੋਰਖਾ ਟੁਕੜੀ ਦੇ ਕਮਾਂਡਰ ਬਲਭੱਦਰ ਤੋਂ ਛੁੱਟ ਸ੍ਰ. ਗਰਭਾ ਸਿੰਘ ਅਤੇ ਸ੍ਰ. ਕਰਮ ਸਿੰਘ ਚਹਿਲ ਵੀ ਮਾਰੇ ਗਏ ਸਨ। **ਜਦੋਂ ਖ਼ਾਲਸਾ ਦਰਬਾਰ ਦੀਆਂ ਜੇਤੂ ਫੌਜਾਂ 17 ਮਾਰਚ 1823 ਨੂੰ ਪਿਸ਼ਾਵਰ ਵਿੱਚ ਦਾਖਲ ਹੋਈਆਂ ਤਾਂ ਉਹ ਸਤਿ ਸ੍ਰੀ ਅਕਾਲ ਅਤੇ ਅਕਾਲੀ ਫੂਲਾ ਸਿੰਘ ਦੀ ਜੈ ਜੈ ਕਾਰ ਦੇ ਨਾਹਰੇ ਲਗਾ ਰਹੀਆਂ ਸਨ।** ਦੇਸ਼ ਤੇ ਕੌਮ ਲਈ ਸ਼ਹੀਦ ਹੋਣ ਵਾਲਾ ਇਹ ਯੋਧਾ ਸਦਾ ਸਦਾ ਲਈ ਸਿੱਖ ਇਤਿਹਾਸ ਵਿੱਚ ਅਮਰ ਹੋ ਗਿਆ ਸੀ। ਗਣੇਸ਼ ਦਾਸ ਦੇ ਸ਼ਬਦਾਂ ਵਿੱਚ :

ਫੂਲਾ ਸਿੰਘ ਸਿੰਘਨ ਮੇਂ ਭਯੋ ਹੈ ਸ਼ਹੀਦ ਇਹ,
ਤੁਕਰਨ ਕਉ ਸੰਗ ਜੰਗ ਕੀਓ ਜੋ ਅਪਾਰ ਹੈ।

ਔਰ ਬਹੁਤ ਸਿੰਘ ਜੰਗ ਗੰਗ ਅਸ਼ਨਾਨ ਕਰ,
ਪਾਈ ਮੋਖ ਪਦਵੀ, ਸੋ ਭਯੋ ਜੈ ਜੈ ਕਾਰ ਹੈ।
ਪੰਥ ਪੈਜ ਰਾਖਣ ਕਉ ਸੀਸ ਦੀਣੇ ਭਲੀ ਭਾਂਤ,
ਜੀਤ ਕੈ ਦੁਰੱਾਨੀ ਜਸ ਲੀਣੋ ਸੁਭ ਸਾਰ ਹੈ।
ਫਰੰਗੀ ਹੂੰ ਕੇ ਜੀਤਨ ਕੀ ਹੋਤੀ ਰਿਸ ਸਦਾ ਮਨ,
ਆਵੇਗੋ ਭੁਜੰਗੀ ਸੋ ਸ਼ਹੀਦ ਰੂਪ ਧਾਰ ਹੈ।੧੦੧।

(ਫ਼ਤਿਹਨਾਮਾ ਗੁਰੂ ਖ਼ਾਲਸਾ ਜੀ ਕਾ)

**ਫਰੰਟੀਅਰ ਦੇ ਇਲਾਕੇ ਵਿਚ ਨੌਸ਼ਹਿਰੇ ਦੀ ਲੜਾਈ ਅਤੇ ਨਿਹੰਗਾ ਬਾਰੇ ਪ੍ਰਚਲਤ ਕਥਾਵਾਂ :** ਦੇਸ਼ ਦੀ ਵੰਡ ਤੋਂ ਪਹਿਲਾਂ ਫ਼ਰੰਟੀਅਰ (ਪਾਕਿਸਤਾਨ) ਦੇ ਇਲਾਕੇ ਵਿਚ ਨੌਸ਼ਹਿਰੇ ਦੀ ਲੜਾਈ ਬਾਰੇ ਪਸ਼ਤੋ ਵਿਚ ਅਨੇਕ ਕਹਾਣੀਆਂ ਪ੍ਰਚਲਤ ਸਨ। ਇਸ ਲੜਾਈ ਵਿੱਚ ਅਕਾਲੀ ਫੂਲਾ ਸਿੰਘ ਨਿਹੰਗ ਨੇ ਪਠਾਣਾਂ ਨੂੰ ਉਹ ਮਾਰ ਮਾਰੀ ਸੀ ਕਿ ਉਨ੍ਹਾਂ ਮੁੜ ਕੇ ਹਿੰਦੁਸਤਾਨ ਦੀਆਂ ਸਰਹੱਦਾਂ ਪਾਰ ਕਰਨ ਦਾ ਹੌਸਲਾ ਹੀ ਛੱਡ ਦਿੱਤਾ ਸੀ। ਇਨ੍ਹਾਂ ਕਹਾਣੀਆਂ ਵਿਚੋਂ ਦੋ ਕਹਾਣੀਆਂ ਦਾ ਉਲੇਖ ਬਾਬਾ ਪ੍ਰੇਮ ਸਿੰਘ ਹੋਤੀ ਨੇ ਆਪਣੀ ਪੁਸਤਕ 'ਜੀਵਨ ਬ੍ਰਿਤਾਂਤ ਫੂਲਾ ਸਿੰਘ ਜੀ, ਅਕਾਲੀ' ਵਿਚ ਕੀਤਾ ਹੈ। ਉਹ ਕਹਾਣੀਆਂ ਇਸ ਪ੍ਰਕਾਰ ਹਨ :

(1) ਨੌਸ਼ਹਿਰੇ ਦੀ ਲੜਾਈ (ਮਾਰਚ 1823) ਹਾਰ ਜਾਣ ਮਗਰੋਂ ਬਹੁਤ ਸਾਰੇ 'ਗਾਜ਼ੀ' ਨੱਸ ਕੇ ਪਹਾੜਾਂ ਵੱਲ ਚਲੇ ਗਏ ਅਤੇ ਕੁਝ ਇਕ 'ਜਹਾਦੀ' ਕਾਬਲ ਪਹੁੰਚਣ ਵਿਚ ਸਫਲ ਹੋ ਗਏ। ਬਚੇ ਹੋਏ ਇਨ੍ਹਾਂ ਗਾਜ਼ੀਆਂ ਵਿੱਚ ਇਕ ਮੁੱਲਾਂ ਰਸ਼ੀਦ ਸੀ, ਜੋ ਆਪਣੇ ਆਪ ਨੂੰ ਬਹੁਤ ਬਹਾਦਰ ਸਮਝਦਾ ਸੀ। ਕਾਬਲ ਪਹੁੰਚਣ ਤੇ ਕਿਸੇ ਨੇ ਮੁੱਲਾਂ ਜੀ ਤੋਂ ਪੁਛਿਆ ਕਿ 'ਮੁੱਲਾਂ ਜੀ ਇਹ ਦਸੋ ਕਿ ਹੁਣ ਫਿਰ ਸਿੰਘਾਂ ਨਾਲ ਕਦੋਂ 'ਜਹਾਦ' (ਧਰਮ ਯੁੱਧ) ਲੜਨ ਦਾ ਵਿਚਾਰ ਹੈ'? ਇਹ ਸੁਣਦਿਆਂ ਹੀ ਮੁੱਲਾਂ ਨੇ ਆਪਣੇ ਕੰਨ ਪਕੜ ਲਏ ਤੇ ਕਹਿਣ ਲੱਗਾ 'ਤੌਬਾ ਤੌਬਾ', ਮੈਂ ਤਾਂ ਹੁਣ ਸਿੰਘਾਂ ਨਾਲ ਲੜਨ ਦਾ ਵਿਚਾਰ ਹਮੇਸ਼ਾਂ ਹਮੇਸ਼ਾਂ ਲਈ ਤਿਆਗ ਚੁਕਾ ਹਾਂ।' ਪੁੱਛਣ ਵਾਲੇ ਨੇ ਫਿਰ ਕਿਹਾ , 'ਮੁੱਲਾਂ ਜੀ ਕੋਈ ਐਸੀ ਸੂਰਤ ਵੀ ਹੋ ਸਕਦੀ ਹੈ ਕਿ ਤੁਸੀਂ ਸਿੰਘਾਂ ਨਾਲ ਫਿਰ ਲੜ ਸਕੋ ?' ਮੁੱਲਾਂ ਰਸ਼ੀਦ ਨੇ ਕਿਹਾ, 'ਹਾਂ ਇਕ ਤਰੀਕਾ ਹੋ ਸਕਦਾ ਹੈ ਕਿ ਜੇ ਮੈਨੂੰ ਕੋਈ ਇਤਨਾ ਲੰਮਾ ਨੇਜ਼ਾ ਬਣਵਾ ਦੇਵੇ ਕਿ ਮੈਂ ਸਰਹੱਦ ਦੀਆਂ ਉੱਚੀਆਂ ਚੋਟੀਆਂ ਤੇ ਖਲੋ ਕੇ ਮਾਝੇ (ਪੰਜਾਬ) ਵਿੱਚ ਸਿੰਘਾਂ ਤੇ ਮਾਰ ਕਰ ਸਕਾਂ, ਤਾਂ ਇਹੋ ਜਿਹੀ ਸੂਰਤ ਵਿਚ ਮੈਂ ਸਿੰਘਾਂ ਵਿਰੁੱਧ ਦੁਬਾਰਾ ਲੜਨ ਦੀ ਹਿੰਮਤ ਕਰ ਸਕਦਾ ਹਾਂ।' ਇਹ ਕਹਿ ਕੇ ਉਸਨੇ ਆਪਣੇ ਪੈਰਾਂ ਨੂੰ ਚੁੰਮਿਆ ਤੇ ਕਹਿਣ ਲੱਗਾ, **'ਜੇ ਇਹ ਪੈਰ ਨੱਸਣ ਵਿਚ ਮੇਰੀ ਮਦਦ ਨਾ ਕਰਦੇ ਤਾਂ ਮੈਂ ਵੀ ਨਿਹੰਗਾਂ ਦੇ ਹੱਥੋਂ ਹੋਰ ਹਜ਼ਾਰਾਂ ਗਾਜ਼ੀਆਂ ਵਾਂਗ ਮੈਦਾਨੇ ਜੰਗ ਵਿਚ ਕੁਤਰਿਆ ਜਾਣਾ ਸੀ, ਜਿਵੇਂ ਕਿ ਮੇਰੇ ਹੋਰ ਸਾਥੀ ਕੁਤਰੇ ਗਏ ਸਨ।'**

ਪਸ਼ਤੋ ਦੀ ਇਕ ਹੋਰ ਕਥਾ ਦਾ ਸਬੰਧ ਵੀ ਅਕਾਲ ਫੂਲਾ ਸਿੰਘ ਦੇ ਭੈ ਰਹਿਤ ਨਿਹੰਗ ਸਿੰਘਾਂ ਨਾਲ ਹੈ, ਜਿਨ੍ਹਾਂ ਨੂੰ ਵੇਖਦਿਆਂ ਹੀ ਪਠਾਣ ਇਸ ਤਰ੍ਹਾਂ ਭੱਜ ਜਾਇਆ ਕਰਦੇ ਸਨ

ਜਿਵੇਂ ਸ਼ੇਰ ਦੀ ਗਰਜ ਸੁਣ ਕੇ ਹਿਰਨਾਂ ਦੀਆਂ ਡਾਰਾਂ ਭੱਜ ਉਠਦੀਆਂ ਹਨ। ਫ਼ਰੰਟੀਅਰ ਦੇ ਪਠਾਣ ਅਕਾਲੀ ਸਿੰਘਾਂ ਨੂੰ ਵੇਖ ਕੇ ਸਿੱਧੇ ਕਾਬਲ ਜਾ ਕੇ ਹੀ ਸਾਹ ਲਿਆ ਕਰਦੇ ਸਨ।

(2) ਇਕ ਵਾਰ ਕਾਬਲ ਦੇ ਅਮੀਰ (ਹਾਕਮ), ਜੋ ਕਿ ਪਿਸ਼ਾਵਰ ਦਾ ਵੀ ਗਵਰਨਰ ਰਹਿ ਚੁੱਕਾ ਸੀ ਨੇ ਮੁੱਲਾਂ ਰਸ਼ੀਦ ਨੂੰ ਕਿਹਾ ਕਿ ਪਿਸ਼ਾਵਰ ਦਾ ਕਿਲ੍ਹਾ ਸਾਡੇ ਕੋਲ ਬਾਲਾ ਹਿਸਾਰ ਬੜਾ ਮਜ਼ਬੂਤ ਹੈ। ਕਿਤਨਾ ਚੰਗਾ ਹੁੰਦਾ ਕਿ ਇਹੋ ਜਿਹਾ ਕਿਲ੍ਹਾ ਸਾਡੇ ਕੋਲ ਕਾਬਲ ਵਿਚ ਹੁੰਦਾ। ਇਸ ਕਿਲ੍ਹੇ ਤੋਂ ਪਠਾਣਾਂ ਨੂੰ ਬੜਾ ਲਾਭ ਮਿਲ ਸਕਦਾ ਸੀ।' ਮੁੱਲਾਂ ਰਸ਼ੀਦ ਜੋ ਕਿ ਬੜਾ ਮਜ਼ਾਕੀਆ ਤਬੀਅਤ ਦਾ ਬੰਦਾ ਸੀ ਤੇ ਜਿਸ ਦੇ ਹਲਕੇ ਫੁਲਕੇ ਮਜ਼ਾਕਾਂ ਦਾ ਕੋਈ ਬੁਰਾ ਨਹੀਂ ਸੀ ਮੰਨਦਾ, ਉਹ ਕਾਬਲ ਦੇ ਅਮੀਰ ਦੀਆਂ ਗੱਲਾਂ ਸੁਣ ਕੇ ਕਹਿਣ ਲੱਗਾ, 'ਪਿਸ਼ਾਵਰ ਦੇ ਬਾਲਾ ਹਿਸਾਰ ਕਿਲ੍ਹੇ ਨੂੰ ਕਾਬਲ ਵਿਚ ਪਹੁੰਚਾਣਾ ਕੋਈ ਮੁਸ਼ਕਲ ਕੰਮ ਨਹੀਂ। ਜੇ ਤੁਸੀਂ ਚਾਹੋ ਤਾਂ ਇਹ ਕਿਲ੍ਹਾ ਅੱਜ ਹੀ ਇੱਥੇ ਪਹੁੰਚ ਸਕਦਾ ਹੈ।' ਮੁੱਲਾਂ ਰਸ਼ੀਦ ਦੀਆਂ ਗੱਲਾਂ ਸੁਣਕੇ ਉਹ ਅਮੀਰ ਚਕਿਤ ਹੋ ਗਿਆ ਤੇ ਉਸ ਨੇ ਮੁੱਲਾਂ ਰਸ਼ੀਦ ਨੂੰ ਪੁਛਿਆ, 'ਉਹ ਕਿਵੇਂ ?' ਮੁੱਲਾਂ ਰਸ਼ੀਦ ਨੇ ਬੜੀ ਸੰਜੀਦਗੀ ਨਾਲ ਕਿਹਾ, 'ਬਸ ਕਿਲ੍ਹੇ ਦੀਆਂ ਚਵ੍ਹਾਂ ਬਾਹੀਆਂ ਨਾਲ ਇਕ ਇਕ ਰੱਸਾ ਬੰਨ੍ਹ ਕੇ ਉਨ੍ਹਾਂ ਰੱਸਿਆਂ ਨੂੰ ਚਾਰ ਪਠਾਣਾਂ ਦੇ ਗਲਿਆਂ ਵਿਚ ਪਾ ਦਿਉ ਤੇ ਫਿਰ ਉਨ੍ਹਾਂ ਨੂੰ ਸਿੰਘਾਂ (ਨਿਹੰਗਾਂ) ਦੀ ਸ਼ਕਲ ਵਿਖਾ ਦੇਣਾ। ਜਦੋਂ ਉਹ ਪਠਾਣ ਸਿੰਘਾਂ ਨੂੰ ਵੇਖ ਕੇ ਜਾਨ ਬਚਾਣ ਲਈ ਕਾਬਲ ਵਲ ਨਸਣਗੇ ਤਾਂ ਰਸਿਆਂ ਨਾਲ ਬੰਨ੍ਹਿਆ ਪਿਸ਼ਾਵਰ ਦਾ ਕਿਲ੍ਹਾ ਵੀ ਨਾਲ ਹੀ ਨਾਲ ਖਿੱਚਦਾ ਕਾਬਲ ਪਹੁੰਚ ਜਾਵੇਗਾ।' ਮੁੱਲਾਂ ਰਸ਼ੀਦ ਦੀ ਇਹ ਗੱਲ ਸੁਣ ਕੇ ਸਾਰੇ ਦਰਬਾਰੀ ਬੜਾ ਹੱਸੇ ਕਿ ਇਸਨੇ ਅਕਾਲੀ ਸਿੰਘਾਂ ਦੇ ਦਬਦੱਬੇ ਅਤੇ ਪਠਾਣਾਂ ਦੇ ਮਨ ਤੇ ਬੈਠੇ ਡਰ ਦਾ ਕਿਹਾ ਸ਼ਾਨਦਾਰ ਨਕਸ਼ਾ ਚਿਤਰਿਆ ਹੈ।

ਪਾਕਿਸਤਾਨ ਬਣਨ ਤੋਂ ਪਹਿਲਾਂ ਫਰੰਟੀਅਰ ਦੇ ਪਠਾਣਾਂ ਵਿਚ ਇਕ ਹੋਰ ਕਹਾਵਤ ਵੀ ਪ੍ਰਚਲਤ ਸੀ। ਜਦੋਂ ਉਹ ਕਿਸੇ ਦੂਜੇ ਦਾ ਮਾਲ ਧੱਕੇ ਨਾਲ ਖੁਰਦ-ਬੁਰਦ ਕਰਨਾ ਚਾਹੁੰਦੇ ਸਨ ਤਾਂ ਲੋਕ ਉਨ੍ਹਾਂ ਨੂੰ ਡਰਾਵਾ ਦੇ ਕੇ ਕਿਹਾ ਕਰਦੇ ਸਨ - 'ਰੁਕ ਜਾਉ, ਇਹ ਨਿਹੰਗਾਂ ਦਾ ਮਾਲ ਹੈ, ਪਹਿਲਾਂ ਉਨ੍ਹਾਂ ਕੋਲੋਂ ਪੁਛ ਲਉ।' ਇਸੇ ਤਰ੍ਹਾਂ ਅਕਾਲੀ ਫੂਲਾ ਸਿੰਘ ਜੀ ਬਾਰੇ ਪੁਸ਼ਤੋ ਵਿੱਚ ਕਈ ਹੋਰ ਕਥਾਵਾਂ ਵੀ ਪ੍ਰਚਲਤ ਸਨ, ਜਿਨ੍ਹਾਂ ਨੂੰ ਬਾਬਾ ਪ੍ਰੇਮ ਸਿੰਘ ਹੋਤੀ ਨੇ ਇਕੱਠਿਆਂ ਕਰਕੇ ਛਾਪਣ ਦਾ ਟੀਚਾ ਮਿੱਥਿਆ ਸੀ, ਪਰ ਇਸ ਯੋਜਨਾ ਦੇ ਪੂਰੇ ਹੋਣ ਤੋਂ ਪਹਿਲਾਂ ਹੀ ਉਹ ਅਕਾਲ ਚਲਾਣਾ ਕਰ ਗਏ।

ੳ ੳ ੳ